Mazdoor Ekta Lehar .Vol. 7, No. 7 July 2015, Total page-8 Price Rs. 5

http://www.cgpi.org ਆਉਣ ਵਾਲੇ ਇਨਕਲਾਬੀ ਝੱਖੜਾਂ ਲਈ ਤਿਆਰੀ ਕਰੋ

# ਮਜ਼ਦੂਰ ਏਕਤਾ ਲਹਿਰ

ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਅਖ਼ਬਾਰ

ਜਿਲਦ 7, ਅੰਕ 7 ਮਾਸਕ — ਮੁੱਲ 5 ਰੁ, ਕੁੱਲ ਸਫੇ-8 ਜੁਲਾਈ 2015

### ਬਰਤਾਨੀਆਂ ਦੀ ਸਰਕਾਰ ਵਲੋਂ ਸਿਹਤ ਸੇਵਾ ਵਿੱਚ ਕਟੌਤੀਆਂ ਦੇ ਖ਼ਿਲਾਫ਼ ਜਨਤਕ ਮੁਜਾਹਰਾ

## ਲੋਕਾਂ ਨੇ ਈਲਿੰਗ ਦੇ ਹਸਪਤਾਲ ਉੱਤੇ ਕਬਜ਼ਾ ਕੀਤਾ

ਮਜ਼ਦੂਰ ਏਕਤਾ ਲਹਿਰ ਨੂੰ ਖਬਰ ਮਿਲੀ ਹੈ ਕਿ 24 ਜੂਨ 2015 ਨੂੰ, ਲੰਡਨ ਦੇ ਈਲਿੰਗ, ਸਾਊਥਹਾਲ ਅਤੇ ਆਸ-ਪਾਸ ਦੇ ਇਲਾਕਿਆਂ ਦੇ ਮਿਹਨਤਕਸ਼ ਲੋਕ, ਬਰਤਾਨਵੀ ਸਰਕਾਰ ਵਲੋਂ ਈਲਿੰਗ ਦੇ ਸਰਕਾਰੀ ਹਸਪਤਾਲ ਦੇ ਜਣੇਪਾ ਵਾਰਡ ਨੂੰ ਬੰਦ ਕਰਨ ਦੇ ਕਦਮ ਦਾ ਜੋਰਦਾਰ ਵਿਰੋਧ ਕਰ ਰਹੇ ਹਨ। ਇਹ ਹਸਪਤਾਲ ਬਰਤਾਨੀਆਂ ਦੇ ਸਰਕਾਰੀ ਸਿਹਤ ਸੇਵਾ, ਨੈਸ਼ਨਲ ਹੈਲਥ ਸਰਵਿਸ (ਐਨ.ਐਚ.ਐਸ.) ਦੇ ਹਸਪਤਾਲਾਂ ਦੀ ਕੜੀ 'ਚੋਂ ਇੱਕ ਹੈ, ਜਿਨ੍ਹਾਂ ਵਿੱਚ ਮਿਹਨਤਕਸ਼ ਲੋਕਾਂ ਨੂੰ ਸਰਕਾਰੀ ਖਰਚ 'ਤੇ ਸਿਹਤ ਸੇਵਾ ਮਿਲਦੀ ਹੈ। ਦੂਸਰੀ ਸੰਸਾਰ ਜੰਗ ਤੋਂ ਬਾਦ, ਬਰਤਾਨੀਆਂ ਦੀ ਮਜਦੂਰ ਜਮਾਤ ਦੇ ਜੋਰਦਾਰ ਸੰਘਰਸ਼ਾਂ ਦੇ ਫਲਸਰੂਪ, ਐਨ.ਐਚ.ਐਸ. ਦੀ ਸਥਾਪਨਾ ਹੋਈ ਸੀ।

ਜਦੋਂ ਮੁਜਾਹਰਾਕਾਰੀ ਹਸਪਤਾਲ ਵਿੱਚ ਦਾਖਲ ਹੋਏ ਤਾਂ ਪੁਲਿਸ ਨੇ ਤੁਰੰਤ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਧਮਕੀ ਦਿੱਤੀ। ਇਨ੍ਹਾਂ ਧਮਕੀਆਂ ਦੀ ਪ੍ਰਵਾਹ ਨਾ ਕਰਦੇ ਹੋਏ, ਇਸਤਰੀ ਮੁਜਾਹਰਾਕਾਰੀਆਂ ਦੇ ਇੱਕ ਵੱਡੇ ਦਸਤੇ ਨੇ ਹਸਪਤਾਲ ਦੇ ਅੰਦਰ ਆਪਣਾ ਧਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਵਾਇਦਾ ਕੀਤਾ ਕਿ ਧਰਨਾ ਉਦੋਂ ਤਕ ਜਾਰੀ ਰਹੇਗਾ ਜਦ ਤਕ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ। ਉਨ੍ਹਾਂ ਦੇ ਜੁਝਾਰੂ ਰੁਖ ਦੇ ਸਾਹਮਣੇ ਪੁਲਿਸ ਨੂੰ ਪਿੱਛੇ ਹਟਣਾ ਪਿਆ।

ਇਸਤੋਂ ਪਹਿਲਾਂ, ਵੈਸਟ ਲੰਡਨ ਕਾਂਉਂਸਲ ਆਫ਼ ਐਕਸ਼ਨ ਅਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਸੱਦੇ 'ਤੇ, ਮੁਜਾਹਰੇ 'ਚ ਹਿੱਸਾ ਲੈਣ ਲਈ ਲੋਕ ਸਾਊਥਹਾਲ ਦੇ ਮੀਰੀਪੀਰੀ ਗੁਰਦੁਆਰੇ ਦੇ ਲਾਗੇ ਇੱਕਤਰ ਹੋਏ। ਇੰਡੀਅਨ ਵਰਕਰਜ਼ ਐਸੋਸੀਏਸ਼ਨ ਨੇ ਸਥਾਨਕ ਲੋਕਾਂ ਵਿੱਚ, ਵੱਖ-ਵੱਖ ਅਗਾਂਹਵਧੂ ਜਥੇਬੰਦੀਆਂ, ਗੁਰਦੁਆਰਿਆਂ, ਮੰਦਿਰਾਂ, ਮਸੀਤਾਂ, ਆਦਿ 'ਚ ਇਹਦੇ ਲਈ ਬਹੁਤ ਪ੍ਰਚਾਰ ਕੀਤਾ ਸੀ। ਉਨ੍ਹਾਂ ਨੇ ਸਮਝਾਇਆ ਸੀ ਕਿ ਇਹ ਕਦਮ ਕਿਉਂ ਜਰੂਰੀ ਹੈ, ਅਤੇ ਮਜਦੂਰਾਂ-ਮਿਹਨਤਕਸ਼ਾਂ ਨੂੰ ਕਿਹਾ ਸੀ ਕਿ ਆਪਣੇ ਉੱਪਰ ਹੋ ਰਹੇ ਹਮਲਿਆਂ ਨੂੰ ਚੁੱਪ-ਚਾਪ ਸਹਿਣ ਨਾ ਕਰੋ ਬਲਕਿ ਇਨ੍ਹਾਂ ਖਿਲਾਫ਼ ਸੰਘਰਸ਼ ਕਰੋ।

ਬਾਕੀ ਸਫਾ 2 'ਤੇ

### ਮਿਆਂਮਾਰ ਦੇ ਸ਼ਰਨਾਰਥੀ ਕੈਂਪਾਂ ਉੱਤੇ ਵਹਿਸ਼ੀ ਹਮਲਾ:

## ਰਾਜਕੀ ਦਹਿਸ਼ਤਗਰਦੀ ਦੀ ਅਤੇ ਮਿਆਂਮਾਰ ਦੀ ਪ੍ਰਭੁਤਾ ਦੇ ਘਾਣ ਦੀ ਕੋਈ ਉਚਿਤਤਾ ਨਹੀਂ ਹੈ!

9 ਜੂਨ 2015 ਨੂੰ ਹਿੰਦੋਸਤਾਨੀ ਫੌਜ ਅਤੇ ਹਵਾਈ ਫੌਜ ਨੇ ਮਿਲਕੇ, ਮਿਆਂਮਾਰ ਦੇ ਤਥਾਕਥਿਤ ਦਹਿਸ਼ਤਵਾਦੀ ਕੈਂਪਾਂ ਉੱਤੇ ਹਮਲਾ ਕੀਤਾ। ਖ਼ਬਰਾਂ ਦੇ ਮੁਤਾਬਕ, ਇਸ ਹਮਲੇ ਵਿੱਚ 60 ਤੋਂ ਜ਼ਿਆਦਾ ਲੋਕ ਮਾਰੇ ਗਏ ਅਤੇ ਅਨੇਕਾਂ ਹੀ ਬੁਰੀ ਤਰ੍ਹਾਂ ਜਖ਼ਮੀ ਹੋ ਗਏ। ਫੌਜ ਨੇ ਕਿਹਾ ਹੈ ਕਿ ਇਹ ਹਮਲੇ, 4 ਜੂਨ ਨੂੰ ਮਿਆਂਮਾਰ ਨਾਲ ਲੱਗਦੀ ਮਣੀਪੁਰ ਦੀ ਸਰਹੱਦ ਦੇ ਉੱਤੇ, ਚੰਦੇਲ ਜਿਲ੍ਹੇ ਵਿੱਚ ਘਾਤ ਲਗਾਕੇ ਮਾਰੇ ਗਏ 18 ਫੌਜੀਆਂ ਦੀ ਹੱਤਿਆ ਦਾ ਬਦਲਾ ਲੈਣ ਲਈ ਕੀਤੇ ਗਏ ਸਨ।

ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ, ਮਿਆਂਮਾਰ ਵਿੱਚ ਕੈਂਪਾਂ ਉੱਤੇ ਫੌਜੀ ਹਮਲੇ ਅਤੇ ਅਖੌਤੀ "ਜੱਰਾਹੀ ਹੱਲਿਆਂ (ਸਰਜ਼ੀਕਲ ਸਟਰਾਈਕਸ)" ਰਾਹੀਂ ਲੋਕਾਂ ਦੇ ਕਤਲਾਂ ਦੀ ਸਖਤ ਨਿਖੇਧੀ ਕਰਦੀ ਹੈ। ਇਹ ਮਿਆਂਮਾਰ ਦੀ ਪ੍ਰਭੁਤਾ ਦਾ ਘੋਰ ਉਲੰਘਣ ਹੈ।

ਸਰਕਾਰ ਅਤੇ ਅਜਾਰੇਦਾਰ ਸਰਮਾਏਦਾਰਾਂ ਦਾ ਮੀਡੀਆ, ਇਸ ਗੱਲ ਦੀ ਬਹੁਤ ਤਾਰੀਫ ਕਰ ਰਹੇ ਹਨ ਕਿ ਹਿੰਦੋਸਤਾਨ ਨੇ ਅਖੌਤੀ ਦਹਿਸ਼ਤਵਾਦੀਆਂ ਨੂੰ ਨਿਸ਼ਾਨਾਂ ਬਣਾ ਕੇ, ਸਰਹੱਦੋਂ ਪਾਰ ਹਮਲੇ ਕਰਨ ਦੀ ਇੱਛੁਕਤਾ ਦਿਖਾਈ ਹੈ। ਹੁਣ ਇਹ ਗੱਲ ਵੀ ਫੈਲਾਈ ਜਾ ਰਹੀ ਹੈ ਕਿ ਇਹ ਪਾਕਿਸਤਾਨ ਲਈ ਵੀ ਇੱਕ ਇਸ਼ਾਰਾ ਹੈ ਕਿ ਹਿੰਦੋਸਤਾਨੀ ਫੌਜ ਪਾਕਿਸਤਾਨ ਦੇ ਅੰਦਰ ਅਖੌਤੀ ਦਹਿਸ਼ਤੀ ਸਿਖਲਾਈ ਠਿਕਾਣਿਆਂ ਉੱਤੇ ਵੀ ਅਜੇਹੇ ਹਮਲੇ ਕਰ ਸਕਦੀ ਹੈ।

ਮਿਆਂਮਾਰ ਉੱਤੇ ਇਸ ਤਰ੍ਹਾਂ ਦੇ ਫੌਜੀ ਹਮਲੇ ਕਰਕੇ, ਹਿੰਦੋਸਤਾਨੀ ਰਾਜ ਅਮਰੀਕਣ ਸਾਮਰਾਜਵਾਦ ਦੇ ਕਦਮ-ਚਿਨ੍ਹਾਂ 'ਤੇ ਚੱਲ ਰਿਹਾ ਹੈ। ਅਮਰੀਕਣ ਸਾਮਰਾਜਵਾਦ ਨੇ, ਅਖੌਤੀ ਦਹਿਸ਼ਤਗਰਦ ਅੱਡਿਆਂ ਨੂੰ ਉੜਾਉਣ ਦੇ ਉਦੇਸ਼ ਨਾਲ, ਬਾਰ-ਬਾਰ ਪਾਕਿਸਤਾਨ ਉੱਤੇ ਡਰੋਨ ਅਤੇ ਹੋਰ ਹਰ ਪ੍ਰਕਾਰ ਦੇ ਹਮਲੇ ਕੀਤੇ ਹਨ ਜਿਨ੍ਹਾਂ 'ਚ ਹਜ਼ਾਰਾਂ ਹੀ ਲੋਕ ਮਾਰੇ ਗਏ ਹਨ।

ਹਾਲ ਦੀ ਘੜੀ, "ਹਿੰਦੋਸਤਾਨੀ ਫੌਜ ਦੀਆਂ ਤਲਾਸ਼ੀ ਮੁਹਿੰਮਾਂ" ਦੇ ਚੱਲਦਿਆਂ, ਪੂਰੇ ਚੰਦੇਲ ਜਿਲ੍ਹੇ ਅਤੇ ਉਹਦੇ ਸੱਭ ਪਿੰਡਾਂ ਨੂੰ ਬਾਕੀ ਮਣੀਪੁਰ ਨਾਲੋਂ ਅਲੱਗ ਕਰ ਦਿੱਤਾ ਗਿਆ ਹੈ। ਉਥੋਂ ਦੇ ਵਸ਼ਿੰਦਿਆਂ ਲਈ, ਜਿਲ੍ਹੇ ਤੋਂ ਬਾਹਰ ਜਾਣ-ਆਉਣ ਉੱਤੇ ਪਬੰਦੀ

ਬਾਕੀ ਸਫਾ 3 'ਤੇ

### ਭਾਜਪਾ ਦੀ ਅਗਵਾਈ ਵਾਲੀ ਰਾਜਗ ਸਰਕਾਰ ਦਾ ਇੱਕ ਸਾਲ ਪੂਰਾ:

## ਜਿੰਨਾ ਚਿਰ ਸਰਮਾਏਦਾਰੀ ਕਾਇਮ ਹੈ ਮਜ਼ਦੂਰ ਜਮਾਤ ਅਤੇ ਕਿਸਾਨੀ ਵਾਸਤੇ ਭਲੇ ਦਿਨ ਨਹੀਂ ਆ ਸਕਦੇ

ਭਾਜਪਾ ਦੀ ਅਗਵਾਈ ਵਿੱਚ ਰਾਜਗ ਸਰਕਾਰ ਦੀ ਹਕੂਮਤ ਦਾ ਇੱਕ ਸਾਲ ਪੂਰਾ ਹੋ ਚੁੱਕਾ ਹੈ। ਮੀਡੀਏ ਵਿੱਚ ਇਸ ਬਾਰੇ ਬਹੁਤ ਪ੍ਰਚਾਰ ਹੋਇਆ ਹੈ, ਮੋਦੀ ਦੀ ਸਰਕਾਰ ਬਾਰੇ ਜਾਇਜ਼ੇ ਲਏ ਗਏ ਹਨ, ਇਸ ਤੋਂ ਪਹਿਲੀ ਸੰਪਰਗ ਸਰਕਾਰ ਦੇ 10 ਸਾਲਾਂ ਦੀਆਂ ਪ੍ਰਾਪਤੀ ਨਾਲ ਮੁਕਾਬਲਾ ਕੀਤਾ ਗਿਆ ਹੈ, ਅਤੇ ਭਾਜਪਾ ਅਤੇ ਇਸਦੇ ਆਗੂ ਵਲੋਂ ਚੋਣਾਂ ਜਿੱਤਣ ਤੋਂ ਬਾਅਦ ਕੀਤੇ ਗਏ ਵਾਇਦਿਆਂ ਦਾ ਜਾਇਜ਼ਾ ਲਿਆ ਗਿਆ ਹੈ।

ਇੱਕ ਪਾਸੇ, ਭਾਜਪਾ ਦੇ ਵਕਤਾ ਆਪਣੇ ਆਪ ਨੂੰ ਥਾਪੀਆਂ ਦੇ ਰਹੇ ਹਨ ਅਤੇ ਆਪਣੇ ਪ੍ਰਧਾਨ ਮੰਤਰੀ ਵਲੋਂ ਸਰਕਾਰ ਨੂੰ ਵਧੀਆ ਤਰ੍ਹਾਂ ਚਲਾਉਣ ਵਾਸਤੇ ਉਸ ਦੀਆਂ ਸਿਫਤਾਂ ਦੇ ਪੁੱਲ਼ ਬੰਨ ਰਹੇ ਹਨ। ਦੂਸਰੇ ਪਾਸੇ, ਕਾਂਗਰਸ ਪਾਰਟੀ ਦੇ ਵਕਤਾ ਅਤੇ ਸਾਬਕਾ ਪ੍ਰਧਾਨ ਮੰਤਰੀ ਇਹ ਦੱਸ ਰਹੇ ਹਨ ਕਿ ਰਾਜਗ ਸਰਕਾਰ ਨੇ ਜੋ ਕੁੱਝ ਪਿਛਲੇ ਸਾਲ ਵਿਚ ਕੀਤਾ ਹੈ, ਉਹ ਉਨ੍ਹਾਂ ਦੀ ਸੰਪਰਗ ਸਰਕਾਰ ਨੇ ਪਿਛਲੇ ਦਸ ਸਾਲਾਂ ਦੇ ਸ਼ਾਸਨ ਦੁਰਾਨ ਪਹਿਲਾਂ ਹੀ ਸ਼ੁਰੂ ਕੀਤਾ ਹੋਇਆ ਸੀ।

ਸਾਨੂੰ, ਕਮਿਉਨਿਸਟਾਂ ਅਤੇ ਅਗਾਂਹਵਧੂ ਲੋਕਾਂ ਨੂੰ ਇਹ ਦੇਖਣਾ ਪਵੇਗਾ ਕਿ ਇਹ ਬੀਤ ਚੁੱਕਾ ਸਾਲ ਸਰਮਾਏਦਾਰੀ ਵਾਸਤੇ ਕਿਸ ਤਰ੍ਹਾਂ ਰਿਹਾ ਅਤੇ ਮਜ਼ਦੂਰ ਜਮਾਤ 'ਤੇ ਹੋਰ ਮੇਹਨਤਕਸ਼ ਜਨਤਾ ਵਾਸਤੇ ਕਿਸ ਤਰ੍ਹਾਂ ਰਿਹਾ।

**ਸਰਮਾਏਦਾਰਾਂ ਵਾਸਤੇ ਇਹ ਸਾਲ ਕਿਸ ਤਰ੍ਹਾਂ ਰਿਹਾ:**

ਭਾਜਪਾ ਸਰਕਾਰ ਨੇ ਆਪਣੇ ਵਾਇਦੇ 'ਤੇ ਪੂਰੇ ਉਤਰਦਿਆਂ, ਪਿਛਲੇ ਸਾਲ ਵਿਚ ਸਰਮਾਏਦਾਰਾਂ ਵਾਸਤੇ ਅੱਛੇ ਦਿਨ ਲਿਆਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਇਹ ਸਰਕਾਰ ਉਸੇ ਰਸਤੇ 'ਤੇ ਚੱਲ ਰਹੀ ਹੈ, ਜਿਸ ਉਤੇ ਮਨਮੋਹਣ ਸਿੰਘ ਦੀ ਸਰਕਾਰ ਚਲ ਰਹੀ ਸੀ, ਪਰ ਹੋਰ ਤੇਜ਼ੀ ਨਾਲ। ਇਸ ਸਰਕਾਰ ਨੇ ਕੰਪਨੀ ਐਕਟ ਵਿਚ ਸੋਧਾਂ ਕਰਕੇ, ਲੇਬਰ ਕਨੂੰਨਾਂ ਵਿਚ ਸਰਮਾਏਦਾਰਾਂ ਦੇ ਹਿੱਤਾਂ ਵਿਚ ਸੋਧਾਂ ਕਰਕੇ ਅਤੇ ਬੀਮਾ, ਰੇਲਵੇ ਤੇ ਰੱਖਿਆ ਖੇਤਰਾਂ ਵਿਚ ਸਿੱਧੇ ਬਦੇਸ਼ੀ ਪੂੰਜੀ ਨਿਵੇਸ਼ ਵਾਸਤੇ ਦਰਵਾਜ਼ੇ ਖੋਲ੍ਹ ਕੇ ਹਿੰਦੋਸਤਾਨੀ ਅਤੇ ਬਦੇਸ਼ੀ ਅਜਾਰੇਦਾਰ ਕੰਪਨੀਆਂ ਵਲੋਂ "ਵਪਾਰ ਕਰਨ ਦੇ ਮਹੌਲ ਨੂੰ ਬੇਹਤਰ ਬਣਾਉਣ" ਦੀ ਮੰਗ ਨੂੰ ਪਹਿਲ ਦਿੱਤੀ ਹੈ।

ਕਾਂਗਰਸ ਦੀ ਅਗਵਾਈ ਵਾਲੀਆਂ ਸਰਕਾਰਾਂ ਵਾਂਗ, ਇਸ ਸਰਕਾਰ ਨੇ ਵੀ ਇਹ ਸਰਮਾਏਦਾਰ-ਪੱਖੀ ਸੋਧਾਂ ਜਨਤਾ ਨੂੰ ਹਰ ਚੀਜ਼ ਦੇਣ ਦੇ ਨਾਅਰਿਆਂ ਹੇਠ ਕੀਤੀਆਂ ਹਨ। ਸੱਭ ਤੋਂ ਪਹਿਲਾਂ ਇਸ ਸਰਕਾਰ ਨੇ "ਸੱਭ ਕਾ ਸਾਥ, ਸੱਭ ਕਾ ਵਿਕਾਸ" ਦਾ ਨਾਅਰਾ ਦਿੱਤਾ, ਫਿਰ "ਮੇਕ ਇਨ ਇੰਡੀਆ" ਦਾ ਨਾਅਰਾ ਦਿੱਤਾ ਕਿ ਇਸ ਨਾਲ ਲੱਖਾਂ ਹੀ ਨੌਕਰੀਆਂ ਪੈਦਾ ਹੋ ਜਾਣਗੀਆਂ ਅਤੇ ਬੇਰੁਜ਼ਗਾਰੀ ਦਾ ਮਸਲਾ

ਬਾਕੀ ਸਫਾ 4 'ਤੇ

## ਸੱਭ ਦੇ ਹੱਕਾਂ ਦੀ ਰਖਵਾਲੀ ਕਰਨ ਲਈ ਇਕਮੁੱਠ ਹੋਵੋ!

ਜਿਥੋਂ ਤਕ ਹੱਕਾਂ ਦਾ ਮਾਮਲਾ ਹੈ, ਭਾਵੇਂ ਇਹ ਖਾਣੇ ਦਾ ਹੱਕ ਹੋਵੇ ਜਾਂ ਰਹਾਇਸ਼, ਪੀਣ ਵਾਲੇ ਪਾਣੀ, ਪਖਾਨਾ-ਘਰਾਂ ਦਾ ਪ੍ਰਬੰਧ, ਸੇਹਤ-ਸੇਵਾਵਾਂ, ਟਰਾਂਸਪੋਰਟ, ਬਿਜਲੀ ਜਾਂ ਕੋਈ ਹੋਰ ਹੱਕ - ਸਾਡੇ ਲੋਕ ਹੁਣ ਸਰਕਾਰ ਵਲੋਂ ਆਪਣੇ ਵਾਇਦੇ ਪੂਰੇ ਕਰਨ ਦੀ ਉਡੀਕ ਵਿਚ ਚੁੱਪ ਕਰਕੇ ਬੈਠਣ ਲਈ ਤਿਆਰ ਨਹੀਂ। ਲੋਕਾਂ ਨੇ ਬਥੇਰੀ ਵਾਰ ਦੇਖ ਲਿਆ ਹੈ ਕਿ ਹਰ ਚੋਣ ਤੋਂ ਬਾਅਦ, ਇੱਕ ਸਰਕਾਰ ਦੀ ਜਗ੍ਹਾ ਇੱਕ ਹੋਰ ਸਰਕਾਰ ਲੈ ਲੈਂਦੀ ਹੈ, ਪਰ ਵਾਇਦੇ ਕਾਗਜ਼ ਤੋਂ ਅੱਗੇ ਨਹੀਂ ਜਾਂਦੇ। ਜਦੋਂ ਲੋਕ ਆਪਣੇ ਹੱਕਾਂ ਦੀ ਮੰਗ ਕਰਦੇ ਹਨ ਤਾਂ ਉਨ੍ਹਾਂ ਨੂੰ ਹਾਕਮ ਜਮਾਤ ਦੇ ਫਾਸ਼ੀਵਾਦੀ ਜ਼ੁਲਮ ਦਾ ਸਾਹਮਣਾ ਕਰਨਾ ਪੈਂਦਾ ਹੈ। ਮਜ਼ਦੂਰ ਜਮਾਤ ਅਤੇ ਕਾਮੇ ਲੋਕਾਂ ਵਲੋਂ ਵਿਰੋਧ ਦਾ ਪਹਿਲਾ ਸੰਕੇਤ ਮਿਲਦਿਆਂ ਹੀ, ਸਰਮਾਏਦਾਰੀ ਉਨ੍ਹਾਂ ਦੇ ਸੰਘਰਸ਼ ਨੂੰ ਕੁਚਲ ਦੇਣ ਦੀਆਂ ਆਵਾਜ਼ਾਂ ਲਾਉਣ ਲੱਗ ਪੈਂਦੀ ਹੈ। ਸੱਤਾ ਉਤੇ ਭਾਵੇਂ ਜਿਹੜੀ ਮਰਜ਼ੀ ਪਾਰਟੀ ਕਾਬਜ਼ ਹੋਵੇ, ਇਸ ਮਾਮਲੇ ਵਿਚ ਉਨ੍ਹਾਂ ਵਿਚਕਾਰ ਕੋਈ ਵਖਰੇਵਾਂ ਨਹੀਂ ਪੈਦਾ ਹੁੰਦਾ।

20 ਜੂਨ ਨੂੰ ਗੁੜਗਾਂਉਂ ਵਿਚ ਮਜ਼ਦੂਰਾਂ ਅਤੇ ਪੁਲਿਸ ਵਿਚਾਲੇ ਗਹਿਗੱਚ ਦੀ ਲੜਾਈ ਹੋਈ। ਵਸਤਰ ਬਰਾਮਦ ਕਰਨ ਵਾਲੀ ਕੰਪਨੀ, ਓਰੀਐਂਟ ਕਰਾਫਟ, ਵਿਚ ਇੱਕ ਸਹਿ-ਕਾਮੇ ਦੀ ਬਿਜਲੀ ਦਾ ਕਰੰਟ ਲੱਗਣ ਨਾਲ ਮੌਤ ਹੋ ਜਾਣ ਦੀ ਖਬਰ ਸੁਣ ਕੇ ਹਜ਼ਾਰਾਂ ਦੀ ਗਿਣਤੀ ਵਿਚ ਮਜ਼ਦੂਰ ਸੜਕਾਂ ਉਤੇ ਆ ਗਏ, ਕਿਉਂਕਿ ਗੁੜਗਾਉਂ-ਮਾਨੇਸਰ ਪੱਟੀ ਵਿਚ ਹੋਰ ਫੈਕਟਰੀਆਂ ਵਿਚ ਵੀ ਮਜ਼ਦੂਰਾਂ ਨੂੰ ਲੰਬੇ ਘੰਟੇ ਅੱਤ ਦੀਆਂ ਖਤਰਨਾਕ ਹਾਲਤਾਂ ਵਿਚ ਕੰਮ ਕਰਨ ਉਤੇ ਮਜਬੂਰ ਕੀਤਾ ਜਾਂਦਾ ਹੈ, ਜਿਸ ਦੇ ਕਾਰਨ ਮਜ਼ਦੂਰਾਂ ਵਿਚ ਬਹੁਤ ਜ਼ਿਆਦਾ ਗੁੱਸਾ ਹੈ। ਹਰਿਆਣਾ ਸਰਕਾਰ ਨੇ ਮਜ਼ਦੂਰਾਂ ਉਪਰ ਹਮਲਾ ਕਰਨ ਲਈ ਹਜ਼ਾਰਾਂ ਦੀ ਗਿਣਤੀ ਵਿਚ ਪੁਲੀਸ ਭੇਜੀ।

ਉਸੇ ਦਿਨ ਹੀ, ਹਿਮਾਚਲ ਪ੍ਰਦੇਸ਼ ਦੇ ਮੰਡੀ ਸ਼ਹਿਰ ਵਿਚ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਵਾਸਤੇ ਇੱਕ ਇਮਾਰਤ ਦੀ ਉਸਾਰੀ ਕਰਨ ਵਾਲੇ ਮਜ਼ਦੂਰਾਂ ਅਤੇ ਠੇਕੇਦਾਰ ਦੇ ਭਾੜੇ ਦੇ ਗੁੰਡਿਆਂ ਵਿਚਕਾਰ ਜਮ੍ਹਕੇ ਹੋਈ ਲੜਾਈ ਦੀ ਖਬਰ ਵੀ ਆਈ ਸੀ। ਇਹ ਮਜ਼ਦੂਰ ਮਈ ਮਹੀਨੇ ਤੋਂ ਲੈ ਕੇ ਨਾ ਦਿੱਤੀ ਗਈ ਤਨਖਾਹ ਲੈਣ ਵਾਸਤੇ ਸ਼ਾਂਤਮਈ ਮੁਜ਼ਾਹਰਾ ਕਰ ਰਹੇ ਸਨ, ਕਿ ਗੁੰਡਿਆਂ ਨੇ ਉਨ੍ਹਾਂ ਉਤੇ ਗੋਲੀ ਚਲਾ ਦਿੱਤੀ। ਗੋਲਾਬਾਰੀ ਵਿਚ ਕਈ ਸਾਰੇ ਮਜ਼ਦੂਰ ਗੰਭੀਰ ਤੌਰ 'ਤੇ ਜ਼ਖਮੀ ਹੋ ਗਏ ਸਨ। ਹਮਲਾ ਕਰਨ ਤੋਂ ਬਾਅਦ ਭਜ ਕੇ ਗਏ ਚਾਰ ਗੁੰਡਿਆਂ ਦੀਆਂ ਲਾਸ਼ਾਂ

ਬਾਕੀ ਸਫਾ 5 'ਤੇ

## ਲੋਕ ਰਾਜ ਸੰਗਠਨ ਵਲੋਂ ਮਜ਼ਦੂਰਾਂ ਦੇ ਸ਼ਹਿਰੀ ਹੱਕਾਂ ਲਈ ਮੁਹਿੰਮ

ਲੋਕ ਰਾਜ ਸੰਗਠਨ ਨੇ ਹੁਣੇ ਜਿਹੇ ਦਿੱਲੀ-ਭਰ ਵਿਚ ਫੈਲੀਆਂ ਹੋਈਆਂ ਝੁੱਗੀਆਂ, ਝੌਂਪੜੀਆਂ ਅਤੇ ਮੁੜ-ਵਸੇਬੇ ਦੀਆਂ ਕਲੋਨੀਆਂ ਵਿਚ ਰਹਿਣ ਵਾਲੇ ਕ੍ਰੋੜਾਂ ਲੋਕਾਂ ਵਾਸਤੇ ਪਾਣੀ, ਸਫਾਈ, ਸਾਫ ਅਤੇ ਸਵੱਛ ਰਹਾਇਸ਼, ਬੁਨਿਆਦੀ ਸਵਾਸਥ ਸੇਵਾ ਦੇ ਪ੍ਰਬੰਧ, ਸਕੂਲੀ ਪੜ੍ਹਾਈ ਦੀਆਂ ਸਹੂਲਤਾਂ, ਬੇਹਤਰ ਟਰਾਂਸਪੋਰਟ ਆਦਿ ਦੇ ਹੱਕਾਂ ਵਾਸਤੇ ਮੁਹਿੰਮ ਸ਼ੁਰੂ ਕੀਤੀ ਹੈ।

ਦਿੱਲੀ ਵਿਚ ਮਜ਼ਦੂਰਾਂ ਦੀਆਂ ਸੱਤ ਰਹਾਇਸ਼ੀ ਕਲੋਨੀਆਂ – ਮਦਨਪੁਰ ਖਾਦਰ, ਓਖਲਾ ਵਿਚ ਸਥਿਤ ਸੰਜੇ ਕਲੋਨੀ, ਜਸੋਲਾ, ਇੰਦਰਾ ਕਲਿਆਣ ਵਿਹਾਰ, ਕਾਲਕਾ ਜੀ ਵਿਚ ਸਥਿਤ, ਟ੍ਰਾਂਜ਼ਿਟ ਕੈਂਪ, ਰੋਹਿਨੀ ਵਿਚ ਸਥਿਤ ਸਰਦਾਰ ਕਲੋਨੀ ਅਤੇ ਪੜਪੜਗੰਜ ਦੇ ਨੇੜੇ ਸ਼ਸ਼ੀ ਗਾਰਡਨ - ਦੀਆਂ ਲੋਕ ਰਾਜ ਕਮੇਟੀਆਂ ਨੇ ਮੀਟਿੰਗਾਂ ਜਥੇਬੰਦ ਕੀਤੀਆਂ, ਜਿਨ੍ਹਾਂ ਵਿਚ ਉਨ੍ਹਾਂ ਨੂੰ ਦਰਪੇਸ਼ ਸਮੱਸਿਆਵਾਂ, ਜਿਵੇਂ ਬੁਨਿਆਦੀ ਸ਼ਹਿਰੀ ਸਹੂਲਤਾਂ, ਉਪਰ ਵਿਚਾਰ ਵਟਾਂਦਰਾ ਕੀਤਾ ਗਿਆ। ਇਨ੍ਹਾਂ ਵਿਚੋਂ ਸੱਭ ਤੋਂ ਵੱਡੀ ਸਮੱਸਿਆ ਜੋ ਸਾਰੀਆਂ ਕਲੋਨੀਆਂ ਵਿਚ ਦੇਖੀ ਗਈ ਹੈ, ਉਹ ਹੈ ਪੀਣ ਵਾਲੇ ਸਾਫ ਪਾਣੀ ਦੀ ਕਮੀ ਅਤੇ ਪਾਣੀ ਦੀ ਨਿਯਮਿਤ ਸਪਲਾਈ, ਜਿਸ ਕਰਕੇ ਉਨ੍ਹਾਂ ਨੂੰ ਆਪਣੇ ਪ੍ਰੀਵਾਰ ਵਾਸਤੇ ਪਾਣੀ ਦੀਆਂ ਕੁੱਝ ਇੱਕ ਬਾਲਟੀਆਂ ਖਾਤਰ ਘੰਟਿਆਂ-ਬੱਧੀ ਪਾਣੀ ਦੇ ਟੈਂਕਰ ਲਈ ਉਡੀਕ ਕਰਨੀ ਪੈਂਦੀ ਹੈ। ਇੱਕ ਹੋਰ ਆਮ ਸਮੱਸਿਆ ਪਖਾਨਾ-ਘਰਾਂ ਦੀ ਕਮੀ ਹੈ, ਜਿਸ ਕਰਕੇ ਲੋਕਾਂ ਨੂੰ ਬਾਹਰ ਖੁਲ੍ਹੀਆਂ ਥਾਵਾਂ ਵਿਚ ਟੱਟੀ-ਪਿਸ਼ਾਬ ਕਰਨਾ ਪੈਂਦਾ ਹੈ। ਮੀਟਿੰਗਾਂ ਵਿਚ ਵਿਚਾਰੇ ਗਏ ਹੋਰ ਮਸਲਿਆਂ ਵਿਚ, ਖੁੱਲ੍ਹੇ ਗੰਦੇ ਨਾਲਿਆਂ ਕਰਕੇ ਬੀਮਾਰੀਆਂ ਦਾ ਡਰ, ਸਰਕਾਰੀ ਦਵਾਖਾਨਿਆਂ ਅਤੇ ਮੁੱਢਲੀ ਸਵਾਸਥ ਸੇਵਾ ਕੇਂਦਰਾਂ ਦੀ ਘਾਟ, ਅਧਿਆਪਕਾਂ, ਅਧਾਰਕ ਸੰਰਚਨਾ ਅਤੇ ਹੋਰ ਸਹੂਲਤਾਂ ਵਾਲੇ ਸਕੂਲਾਂ ਦੀ ਘਾਟ, ਨੌਜਵਾਨਾਂ ਦੇ ਮਨੋਰੰਜਨ ਦੇ ਸਾਧਨਾਂ ਦੀ ਘਾਟ, ਸਰਕਾਰੀ ਬੱਸਾਂ ਦੀ ਘਾਟ ਅਤੇ ਇੱਕ ਬੱਸ ਤੋਂ ਦੂਸਰੀ ਬੱਸ ਆਉਣ ਵਿਚ ਲੰਬਾ ਅਰਸਾ ਆਦਿ ਸ਼ਾਮਲ ਸਨ।

ਬਾਕੀ ਸਫਾ 5 'ਤੇ

# ਸਰਮਾਏਦਾਰ ਜਮਾਤ ਦੇ ਸੰਜਮਤਾ ਦੇ ਕਠੋਰ ਕਦਮਾਂ ਦੇ ਖਿਲਾਫ ਲੰਡਨ ਵਿਚ ਭਾਰੀ ਮੁਜ਼ਾਹਰਾ

20 ਜੂਨ, 2015 ਨੂੰ ਲੰਡਨ ਦੀਆਂ ਸੜਕਾਂ ਉਤੇ ਅਜਾਰੇਦਾਰ ਸਰਮਾਏਦਾਰਾਂ ਦੀ ਸਰਕਾਰ ਵਲੋਂ ਲਾਗੂ ਕੀਤੇ ਗਏ ਕਠੋਰਤਾ ਦੇ ਕਦਮਾਂ ਦੇ ਖਿਲਾਫ ਲੋਕਾਂ ਦਾ ਇੱਕ ਸਮੁੰਦਰ ਠਾਠਾਂ ਮਾਰਦਾ ਨਜ਼ਰ ਆਉਂਦਾ ਸੀ। ਇਹ ਜਲੂਸ, ਜਿਸ ਵਿਚ ਭਾਗ ਲੈਣ ਵਾਲੇ ਲੋਕਾਂ ਦੀ ਗਿਣਤੀ ਪੁਲੀਸ ਨੇ ਸ਼ੁਰੂ ਵਿਚ 250,000 ਤੋਂ ਉਪਰ ਦੱਸੀ ਸੀ ਅਤੇ ਬਾਅਦ ਵਿਚ ਇਸ ਬਾਰੇ ਅੰਕੜੇ ਦੇਣੇ ਬੰਦ ਕਰ ਦਿੱਤੇ ਸਨ, ਜਿਸ ਦਾ ਮਤਲਬ ਹੈ ਕਿ ਅਸਲੀ ਗਿਣਤੀ ਇਸਤੋਂ ਵੀ ਕਿਤੇ ਵਧ ਸੀ, ਬੈਂਕ ਆਫ ਇੰਗਲੈਂਡ ਤੋਂ ਸ਼ੁਰੂ ਹੋ ਕੇ ਪਾਰਲੀਮੈਂਟ ਤੱਕ ਪਹੁੰਚ ਕੇ ਬੰਦ ਹੋਇਆ। ਇਹ ਜਲੂਸ ਪੀਪਲਜ਼ ਅਸੈਂਬਲੀ ਨਾਂ ਦੀ ਜਥੇਬੰਦੀ, ਜਿਹੜੀ ਕਿਸੇ ਸਿਆਸੀ ਪਾਰਟੀ ਨਾਲ ਨਹੀਂ ਜੁੜੀ ਹੋਈ, ਵਲੋਂ ਜਥੇਬੰਦ ਕੀਤੀ ਗਿਆ ਸੀ। ਇਸ ਜਲੂਸ ਵਿਚ ਮਜ਼ਦੂਰ ਜਮਾਤ ਦੀਆਂ ਅਨੇਕਾਂ ਹੀ ਟਰੇਡ ਯੂਨੀਅਨਾਂ ਜਿਨ੍ਹਾਂ ਵਿਚ, ਟੀਚਰਾਂ, ਯੂਨੀਵਰਸਿਟੀਆਂ ਦੇ ਲੈਕਚਰਾਰਾਂ, ਫਾਇਰ ਬ੍ਰਿਗੇਡ, ਪੈਨਸ਼ਨਰਜ਼, ਪਬਲਿਕ ਸਰਵਿਸ ਦੇ ਕਰਮਚਾਰੀਆਂ, ਆਦਿ, ਆਦਿ ਸ਼ਾਮਲ ਸਨ, ਅਤੇ ਮੇਹਨਤਕਸ਼ ਲੋਕਾਂ ਦੀਆਂ ਸੈਂਕੜੇ ਹੀ ਜਥੇਬੰਦੀਆਂ ਨੇ ਜੋਸ਼-ਪੂਰਬਕ ਹਿੱਸਾ ਲਿਆ। ਜਲੂਸ ਵਿਚ ਬਰਤਾਨੀਆਂ ਦੇ ਦੂਰ ਦੁਰਾਡੇ ਇਲਾਕਿਆਂ ਤੋਂ ਸਫਰ ਕਰਕੇ ਆ ਕੇ ਲੋਕ ਸ਼ਾਮਲ ਹੋਏ। ਇਸ ਮੁਜ਼ਾਹਰੇ ਦੇ ਮੁੱਖ ਨਾਅਰੇ ਕਠੋਰਤਾ ਅਤੇ ਨਿੱਜੀਕਰਣ ਦੇ ਖਿਲਾਫ ਅਤੇ ਸਮਾਜਿਕ ਸੇਵਾਵਾਂ, ਕੌਮੀ ਸੇਹਤ ਸੇਵਾ ਅਤੇ ਪੜ੍ਹਾਈ ਉੱਤੇ ਖਰਚਿਆਂ ਵਿਚ ਕਟੌਤੀਆਂ ਦੀ ਵਿਰੋਧਤਾ ਵਿਚ ਸਨ। ਇਸ ਵਿਚ ਸ਼ਾਮਲ ਬਹੁਤ ਸਾਰੇ ਲੋਕਾਂ ਅਤੇ ਗਰੁੱਪਾਂ ਨੇ ਆਪਣੇ ਖੁਦ ਬਣਾਏ ਹੋਏ ਪਲੇਕਰਾਡ ਅਤੇ ਬੈਨਰ ਵੀ ਉਠਾਏ ਹੋਏ ਸਨ। ਕੁੱਝ ਨਾਅਰੇ ਕਠੋਰਤਾ ਦੇ ਖਿਲਾਫ ਆਮ ਹੜਤਾਲ ਦਾ ਹੋਕਾ ਦੇ ਰਹੇ ਸਨ ਅਤੇ ਟਰੇਡ ਯੂਨੀਅਨ ਕੌਂਸਲ (ਟੀ.ਯੂ.ਸੀ.) ਦੀ ਨਿਖੇਧੀ ਵਿਚ ਬੁਲੰਦ ਹੋਏ ਕਿਉਂਕਿ ਟੀ.ਯੂ.ਸੀ. ਨੇ ਇਸ ਮੁਜ਼ਾਹਰੇ ਦੀ ਹਮਾਇਤ ਨਹੀਂ ਸੀ ਕੀਤੀ। ਲੋਕ ਨਾਅਰੇ ਲਾ ਰਹੇ ਸਨ:

"ਟੀ.ਯੂ.ਸੀ. ਕਿਥੇ ਛੁੱਪੀ ਹੋਈ ਏਂ, ਤੈਨੂੰ ਵੀ ਮਾਲਕਾਂ ਦੇ ਖਿਲਾਫ ਲੜਨਾ ਚਾਹੀਦਾ ਏ"!

ਕੁੱਝ ਨਾਅਰੇ ਸਰਮਾਏਦਾਰਾ ਢਾਂਚੇ ਵਲੋਂ ਖੜੀਆਂ ਕੀਤੀਆਂ ਸਮੱਸਿਆਵਾਂ ਦੇ ਹੱਲ ਬਤੌਰ, ਇਨਕਲਾਬ ਲਿਆਉਣ ਵਾਸਤੇ ਪੁਕਾਰ ਰਹੇ ਸਨ:

"ਢਾਂਚਾ ਗਰਕ ਗਿਆ ਹੈ – ਇਨਕਲਾਬ ਹੋਣਾ ਚਾਹੀਦਾ ਹੈ"!

ਅਤੇ "ਇਨਕਲਾਬ ਲਈ ਜਥੇਬੰਦ ਕਰੋ"!

ਫਾਇਰ ਬ੍ਰਿਗੇਡ ਮਜ਼ਦੂਰਾਂ ਨੇ ਹਵਾ ਵਿਚ ਇੱਕ ਗੁਬਾਰਾ ਚੜ੍ਹਾਇਆ ਹੋਇਆ ਸੀ, ਜਿਸ ਉਤੇ ਲਿਖਿਆ ਹੋਇਆ ਸੀ: "ਅਸੀਂ ਲੋਕਾਂ ਨੂੰ ਬਚਾਉਂਦੇ ਹਾਂ, ਬੈਂਕਰਾਂ ਨੂੰ ਨਹੀਂ"! ਟੀਚਰਾਂ ਨੇ ਹੱਥ ਦੀ ਸ਼ਕਲ ਦਾ ਇੱਕ ਬਹੁਤ ਵੱਡਾ ਗੁਬਾਰਾ ਚੁੱਕਿਆ ਹੋਇਆ ਸੀ, ਜਿਸ ਉੱਤੇ ਉਕਰਿਆ ਹੋਇਆ ਸੀ: "ਪੜ੍ਹਾਈ ਵਾਸਤੇ ਹੱਥ ਖੜੇ ਕਰੋ"! ਉਥੇ ਇੱਕ ਮਿਜ਼ਾਈਲ ਦੇ ਆਕਾਰ ਦਾ ਇੱਕ ਮਾਡਲ ਵੀ ਸੀ, ਜਿਸ ਉਤੇ ਟੀ.ਟੀ.ਆਈ.ਪੀ. ਉਕਰਿਆ ਹੋਇਆ ਸੀ, ਜੋ ਅਮਰੀਕਾ ਅਤੇ ਯੂਰਪੀਨ ਯੂਨੀਅਨ ਵਿਚਕਾਰ ਟਰਾਂਸਐਟਲਾਂਟਿਕ ਟਰੇਡ ਐਂਡ ਇਨਵੈਸਟਮੈਂਟ ਪਾਰਟਨਰਸ਼ਿਪ ਦੇ ਖਿਲਾਫ ਸੀ। ਮਾਨਚੈਸਟਰ, ਗਲਾਸਗੋ ਅਤੇ ਬਰਤਾਨੀਆਂ ਭਰ ਦੇ ਹੋਰ ਸ਼ਹਿਰਾਂ ਵਿਚ ਵੀ ਅਜੇਹੇ ਮੁਜ਼ਾਹਰੇ ਜਥੇਬੰਦ ਕੀਤੇ ਗਏ ਸਨ।

ਇੰਡੀਅਨ ਵਰਕਰਜ਼ ਐਸੋਸੀਏਸ਼ਨ ਨੇ ਇਸ ਮੁਜ਼ਾਹਰੇ ਵਿਚ ਬਰਤਾਨੀਆਂ ਦੀ ਮਜ਼ਦੂਰ ਮਜ਼ਦੂਰ ਜਮਾਤ ਦੇ ਇੱਕ ਅੰਗ ਦੇ ਤੌਰ ਉੱਤੇ ਹਿੱਸਾ ਲਿਆ। ਉਨ੍ਹਾਂ ਨੇ "ਦੁਨੀਆਂ ਭਰ ਦੇ ਮਜ਼ਦੂਰੋ, ਇਕਮੁੱਠ ਹੋ ਜਾਓ" ਦਾ ਬੈਨਰ ਚੁੱਕਿਆ ਹੋਇਆ ਹੋਇਆ ਸੀ। ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਲੋਂ ਸਰਕਾਰੀ ਕਠੋਰਤਾ ਦੇ ਖਿਲਾਫ ਅੰਗਰੇਜ਼ੀ ਵਿਚ ਇੱਕ ਬਿਆਨ ਜਾਰੀ ਕੀਤਾ ਗਿਆ ਸੀ ਜੋ ਇਸ ਮੁਜ਼ਾਹਰੇ ਦੁਰਾਨ ਵੰਡਿਆ ਗਿਆ ਸੀ। ਇਸ ਦਾ ਪੰਜਾਬੀ ਰੂਪ ਹੇਠਾਂ ਦਿੱਤਾ ਜਾ ਰਿਹਾ ਹੈ:

ਅੰਗਰੇਜ਼ੀ ਦੇ ਲਫਜ਼ ਔਸਟੈਰਿਟੀ ਨੂੰ ਸਰਕਾਰੀ ਬਜਟ ਵਿਚ ਘਾਟੇ ਵਿਚ ਕਮੀ ਕਰਨ ਦੀ ਨੀਤੀ ਬਤੌਰ ਪ੍ਰੀਭਾਸ਼ਤ ਕੀਤਾ ਜਾਂਦਾ ਹੈ। ਇਸ ਲਫਜ਼ ਦਾ ਪੰਜਾਬੀ ਵਿਚ ਕੋਈ ਮੇਚ ਦਾ ਲਫਜ਼ ਨਹੀਂ ਮਿਲਦਾ, ਡਿਕਸ਼ਨਰੀਆਂ ਵਿਚ ਇਸ ਨੂੰ ਕਠੋਰਤਾ, ਸੰਜਮਤਾ, ਸਦਾਚਾਰੀ, ਸਾਦਗੀ ਆਦਿ ਦੱਸਿਆ ਜਾਂਦਾ ਹੈ। ਇਸ ਲੇਖ ਵਿਚ ਔਸਟੈਰਿਟੀ ਵਾਸਤੇ ਕਠੋਰਤਾ ਸ਼ਬਦ ਵਰਤਿਆ ਗਿਆ ਹੈ। ਕਠੋਰਤਾ ਦੀ ਨੀਤੀ ਵਿਚ ਖਰਚਿਆਂ ਵਿਚ ਕਟੌਤੀ, ਵਧੇਰੇ ਟੈਕਸ ਜਾਂ ਦੋਵਾਂ ਦਾ ਮਿਲਵਾਂ ਰੂਪ ਲਾਗੂ ਕੀਤਾ ਜਾ ਸਕਦਾ ਹੈ। 2007-08 ਦੇ ਵਿਸ਼ਵ ਵਿੱਤੀ ਅਤੇ ਬੈਕਿੰਗ ਸੰਕਟ ਦੁਰਾਨ ਅਮਰੀਕਾ ਅਤੇ ਯੂਰਪ ਦੀਆਂ ਸਰਕਾਰਾਂ ਨੇ ਵੱਡੀਆਂ ਬੈਂਕਾਂ ਨੂੰ ਡੁੱਬਣ ਤੋਂ ਬਚਾਉਣ ਵਾਸਤੇ ਭਾਰੀ ਕਰਜ਼ੇ ਚੁੱਕੇ।

ਇਹ ਘਾਟੇ ਦੇ ਬੱਜਟ ਜਿਹੜੇ ਵੱਡੀਆਂ ਬੈਂਕਾਂ ਅਤੇ ਵਿੱਤੀ ਅਦਾਰਿਆਂ ਦੇ ਅੱਤ ਦੇ ਲਾਲਚਾਂ ਕਰਕੇ ਪੈਦਾ ਹੋਏ ਸਨ, ਹੁਣ ਇਨ੍ਹਾਂ ਵਾਸਤੇ ਮੇਹਨਤਕਸ਼ ਲੋਕਾਂ ਨੂੰ ਬਲੀ ਦੇ ਬੱਕਰੇ ਬਣਾਇਆ ਜਾ ਰਿਹਾ ਹੈ। ਬਰਤਾਨਵੀ ਸਰਕਾਰ ਨੇ ਜਦ ਕਿ ਆਰ.ਬੀ.ਐਸ., ਲੌਇਡਜ਼, ਨੌਰਦਰਨ ਰੌਕ, ਬਰੈਡਫੋਰਡ ਐਂਡ ਬਿੰਗਲੀ ਆਦਿ ਬੈਂਕਾਂ ਨੂੰ ਬਚਾਉਣ ਵਾਸਤੇ 108 ਬਿਲੀਅਨ ਪੌਂਡ ਖਰਚ ਕੀਤੇ ਸਨ, ਜਿਨ੍ਹਾਂ ਵਿਚੋਂ ਇਕੱਲੇ ਰਾਇਲ ਬੈਂਕ ਆਫ ਸਕਾਟਲੈਂਡ ਦਾ 80% ਸ਼ੇਅਰ ਖਰੀਦਣ ਵਾਸਤੇ 45.8 ਬਿਲੀਅਨ ਪੌਂਡ ਦਿੱਤੇ ਸਨ (ਜਿਸ ਨੂੰ ਹੁਣ 32.4 ਬਿਲੀਅਨ ਵਿਚ ਵੇਚਿਆ ਜਾ ਰਿਹਾ ਹੈ, ਜਦੋਂ ਇਹ ਫਾਇਦੇ ਵਿਚ ਜਾਣ ਲੱਗ ਪਈ ਹੈ), ਪਰ ਲੋਕਾਂ ਦੇ ਸੱਭ ਤੋਂ ਕਮਜ਼ੋਰ ਹਿੱਸਿਆਂ ਜਿਵੇਂ ਅਪਾਹਜ਼, ਪੈਨਸ਼ਨਰ ਦੀ ਸਹਾਇਤਾ ਲਈ ਲੋੜੀਂਦੀਆਂ ਜ਼ਰੂਰੀ ਸੇਵਾਵਾਂ ਉਤੇ ਖਰਚੇ ਵਿਚ ਕਟੌਤੀਆਂ ਕਰ ਰਹੀ ਹੈ। ਡੇਵਿਡ ਕੈਮਰਿਨ ਦੀ ਨਵੀਂ ਸਰਕਾਰ ਵਲੋਂ ਸਕੂਲਾਂ ਦੇ ਖਰਚਿਆਂ ਵਿਚ 10% ਕਟੌਤੀ ਕੀਤੀ ਜਾਵੇਗੀ। ਰਹਾਇਸ਼ ਲਈ ਭੱਤੇ ਘਟਾਏ ਜਾ ਰਹੇ ਹਨ, ਜਦ ਕਿ ਪਿਛਲੇ ਪੰਜਾਂ ਸਾਲਾਂ ਤੋਂ ਮਕਾਨਾਂ ਦੇ ਕਿਰਾਏ ਮੁਦਰਾ ਸਫੀਤੀ ਦੇ ਮੁਕਾਬਲੇ ਵਿਚ 10% ਵਧਦੇ ਆ ਰਹੇ ਹਨ, ਜਦ ਕਿ ਮੁਦਰਾ ਸਫੀਤੀ 2-3% ਹੈ। ਲੰਡਨ ਵਿਚੋਂ 50,000 ਤੋਂ ਜ਼ਿਆਦਾ ਪ੍ਰੀਵਾਰਾਂ ਨੂੰ ਸੈਂਕੜੇ ਮੀਲ ਦੂਰ ਕੱਢ ਦਿੱਤਾ ਗਿਆ ਹੈ, ਜਿਥੇ ਨਾ ਉਨ੍ਹਾਂ ਦੇ ਕੋਈ ਦੋਸਤ ਹਨ ਅਤੇ ਨਾ ਹੀ ਪ੍ਰੀਵਾਰਿਕ ਲੋਕ, ਬੱਚਿਆਂ ਨੂੰ ਉਨ੍ਹਾਂ ਦੇ ਸਕੂਲੀ ਦੋਸਤਾਂ ਤੋਂ ਦੂਰ ਕਰ ਦਿੱਤਾ ਗਿਆ ਹੈ।

ਕਨਜ਼ਰਵੇਟਿਵ ਪਾਰਟੀ ਦਾ ਦਾਅਵਾ ਹੈ ਕਿ ਉਸ ਦੀਆਂ ਨੀਤੀਆਂ ਨਾਲ ਆਰਥਿਕਤਾ 'ਚ ਸੁਧਾਰ ਹੋਇਆ ਹੈ, ਪਰ ਇਹ ਨਹੀਂ ਕਹਿ ਰਹੀ ਕਿ ਇਸ ਸੁਧਾਰ ਤੋਂ ਫਾਇਦਾ ਕਿਸ ਨੂੰ ਹੋਇਆ ਹੈ। ਇਸ ਅਖੌਤੀ

**ਬਾਕੀ ਸਫਾ 3 'ਤੇ**

## ਹਸਪਤਾਲ ਉੱਤੇ ਕਬਜ਼ਾ...

**ਸਫਾ 1 ਦੀ ਬਾਕੀ**

ਈਲਿੰਗ ਹਸਪਤਾਲ ਪਹੁੰਚ ਕੇ, ਇੱਕ ਰੈਲੀ ਕੀਤੀ ਗਈ ਜਿਸਨੂੰ ਵੈਸਟ ਲੰਡਨ ਕਾਂਉਂਸਲ ਆਫ਼ ਐਕਸ਼ਨ ਦੀ ਤਰਫੋਂ ਟੋਨੀ ਮੈਕਵੇਅਰ ਅਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੀ ਤਰਫੋਂ ਸਲਵਿੰਦਰ ਢਿਲੋਂ ਅਤੇ ਦਲਵਿੰਦਰ ਸਿੰਘ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਦੱਸਿਆ ਕਿ ਐਨ.ਐਚ.ਐਸ. ਬਰਤਾਨਵੀ ਲੋਕਾਂ ਦੀ ਜਾਇਦਾਦ ਹੈ, ਕਿ ਬਰਤਾਨਵੀ ਲੋਕਾਂ ਨੇ ਇਹਦੀ ਸਥਾਪਨਾ ਲਈ ਆਪਣਾ ਧਨ ਦਿੱਤਾ ਹੈ। ਸਰਮਾਏਦਾਰ ਜਮਾਤ ਦੀ ਸਰਕਾਰ ਗਿਣੀ-ਮਿਥੀ ਨੀਤੀ ਤਹਿਤ ਇਸ ਸੇਵਾ ਨੂੰ ਨਸ਼ਟ ਕਰ ਰਹੀ ਹੈ। ਜਣੇਪਾ ਵਾਰਡ ਤੋਂ ਬਾਦ ਬੱਚਿਆਂ ਦੇ ਵਾਰਡ ਨੂੰ ਬੰਦ ਕਰਨ ਦੀ ਯੋਜਨਾ ਹੈ। ਉਸ ਤੋਂ ਬਾਦ ਦੁਰਘਟਨਾ ਅਤੇ ਐਮਰਜੈਂਸੀ ਵਾਰਡ ਬੰਦ ਕੀਤੇ ਜਾਣਗੇ, ਅਤੇ ਆਖਰ ਪੂਰੀ ਸੇਵਾ ਨੂੰ ਹੀ ਬੰਦ ਕਰ ਦਿੱਤਾ ਜਾਵੇਗਾ। ਫਿਰ ਉਸ ਜਮੀਨ ਨੂੰ ਨਿੱਜੀ ਬਿਲਡਰਾਂ ਨੂੰ ਵੇਚ ਦਿੱਤਾ ਜਾਵੇਗਾ।

ਉਨ੍ਹਾਂ ਨੇ ਸਮਝਾਇਆ ਕਿ ਐਸ ਵਕਤ ਦੁਰਘਟਨਾ ਅਤੇ ਐਮਰਜੈਂਸੀ ਵਾਰਡ ਨੂੰ ਬੰਦ ਕਰਨ ਦੀ ਯੋਜਨਾ ਨੂੰ ਇਸ ਲਈ ਰੋਕ ਕੇ ਰੱਖਿਆ ਗਿਆ ਹੈ ਕਿਉਂਕਿ ਲੋਕਾਂ ਨੇ ਇਹਦਾ ਬਹੁਤ ਵਿਰੋਧ ਕੀਤਾ ਹੈ। ਹੁਣ ਪ੍ਰਬੰਧਨ ਨੇ ਜਣੇਪਾ ਵਾਰਡ ਨੂੰ ਬੰਦ ਕਰਨ ਦਾ ਐਲਾਨ ਕੀਤਾ ਹੈ। ਲੋਕਾਂ ਦੇ ਵਿਰੋਧ ਨਾਲ ਇਸਨੂੰ ਵੀ ਰੋਕਿਆ ਜਾ ਸਕਦਾ ਹੈ।

ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ, 90 ਵਰ੍ਹਿਆਂ ਦੇ ਅਜੀਤ ਸਿੰਘ ਰਾਏ, ਸੰਘਰਸ਼ ਦੀ ਹਮਾਇਤ ਕਰਨ ਲਈ ਹਸਪਤਾਲ ਆਏ। ਉਨ੍ਹਾਂ ਨੇ ਹਿਲਿੰਗਡਨ ਹਸਪਤਾਲ ਨੂੰ ਬਚਾਉਣ ਦੇ ਆਪਣੇ ਅਨੁਭਵ ਦੇ ਬਾਰੇ ਦੱਸਿਆ ਅਤੇ ਕਿਹਾ ਕਿ ਲੋਕਾਂ ਦੇ ਇੱਕਜੁੱਟ ਸੰਘਰਸ਼ ਨਾਲ ਈਲਿੰਗ ਹਸਪਤਾਲ ਨੂੰ ਵੀ ਬਚਾਇਆ ਜਾ ਸਕਦਾ ਹੈ।

ਹਸਪਤਾਲ ਦੇ ਅੰਦਰ ਧਰਨੇ ਦੇ ਦੌਰਾਨ ਇੱਕ ਰੇਡੀਓ ਸਟੇਸ਼ਨ ਨੇ, ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਇੱਕ ਆਗੂ, ਕਾਮਰੇਡ ਸਲਵਿੰਦਰ ਢਿਲੋਂ ਦਾ ਇੰਟਰਵਿਊ ਲਿਆ। ਕਾ. ਸਲਵਿੰਦਰ ਨੇ ਵਿਰੋਧ ਦੇ ਕਾਰਨਾਂ ਬਾਰੇ ਸਮਝਾਉਂਦਿਆਂ ਦੱਸਿਆ ਕਿ ਲੋਕ ਸਿਹਤ ਸੇਵਾਵਾਂ ਵਿੱਚ ਕਟੌਤੀਆਂ ਦੇ ਖਿਲਾਫ਼ ਸੰਘਰਸ਼ ਕਰਦੇ ਆਏ ਹਨ। ਈਲਿੰਗ ਹਸਪਤਾਲ ਇੱਕ ਸੰਘਣੀ ਅਬਾਦੀ ਵਾਲੇ ਇਲਾਕੇ ਦੀ ਸੇਵਾ ਕਰਦਾ ਹੈ। ਸਰਕਾਰ ਨੇ ਐਲਾਨ ਕੀਤਾ ਹੈ ਕਿ 1 ਜੁਲਾਈ ਤੋਂ ਹਸਪਤਾਲ ਦੇ ਜਣੇਪਾ ਵਾਰਡ ਨੂੰ ਬੰਦ ਕਰ ਦਿੱਤਾ ਜਾਵੇਗਾ। ਜੇਕਰ ਅਜੇਹਾ ਕੀਤਾ ਜਾਂਦਾ ਹੈ ਤਾਂ ਐਸ ਇਲਾਕੇ ਦੇ ਪਰਿਵਾਰਾਂ ਨੂੰ ਬਹੁਤ ਮੁਸ਼ਕਲ ਹੋਵੇਗੀ, ਕਿਉਂਕਿ ਉਨ੍ਹਾਂ ਨੂੰ ਜਣੇਪਾ ਸੇਵਾ ਲਈ ਬਹੁਤ ਦੂਰ ਜਾਣਾ ਪਿਆ ਕਰੇਗਾ। ਲੋਕਾਂ ਦੀਆਂ ਅਨੇਕ ਬੇਨਤੀਆਂ, ਮੰਗ-ਪੱਤਰਾਂ ਅਤੇ ਮੁਜਾਹਰਿਆਂ ਨੂੰ ਸਰਕਾਰ ਨੇ ਨਜਰਅੰਦਾਜ਼ ਕੀਤਾ ਹੈ। ਏਸੇ ਕਰਕੇ ਲੋਕਾਂ ਨੂੰ ਇਸ ਹਸਪਤਾਲ ਨੂੰ ਬਚਾਉਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ।

ਹੇਜ਼ ਹਲਕੇ ਦੇ ਐਮ.ਪੀ., ਜੌਹਨ ਮੈਕਡਾਨਲਡ, ਨੇ ਵੀ ਮੁਜਾਹਰੇ ਵਿੱਚ ਹਿੱਸਾ ਲਿਆ। ਉਸਨੇ ਮੁਜਾਹਰੇ ਦੀ ਹਮਾਇਤ ਕੀਤੀ ਅਤੇ ਐਲਾਨ ਕੀਤਾ ਕਿ ਉਨ੍ਹਾਂ ਦੇ ਚੋਣ ਹਲਕੇ, ਹੇਜ਼, ਵਿੱਚ ਇੱਕ ਸਥਾਨਕ ਹਸਪਤਾਲ ਨੂੰ ਬਚਾਉਣ ਲਈ ਵੀ ਲੋਕਾਂ ਨੂੰ ਅਜੇਹਾ ਹੀ ਧਰਨਾ ਜਥੇਬੰਦ ਕਰਨਾ ਪਿਆ ਸੀ।

ਸੰਘਰਸ਼ ਦੇ ਇੱਕ ਹੋਰ ਆਗੂ, ਕਾ. ਦਲਵਿੰਦਰ, ਨੇ ਦੱਸਿਆ ਕਿ ਇਹ ਧਰਨਾ ਗੈਰ-ਕਨੂੰਨੀ ਨਹੀਂ ਕਿਹਾ ਜਾ ਸਕਦਾ। ਐਨ.ਐਚ.ਐਸ. ਅਤੇ ਹੋਰ ਸਮਾਜਿਕ ਸੇਵਾਵਾਂ ਨੂੰ ਬਰਤਾਨਵੀ ਸਰਮਾਏਦਾਰਾਂ ਵਲੋਂ ਦਿੱਤਾ ਗਿਆ ਤੋਹਫਾ ਜਾਂ ਕੋਈ ਵਿਸ਼ੇਸ਼-ਅਧਿਕਾਰ ਨਹੀਂ ਸਮਝਣਾ ਚਾਹੀਦਾ। ਸਿਹਤ ਸੇਵਾ ਅਤੇ ਹੋਰ ਸਮਾਜਿਕ ਸੇਵਾਵਾਂ ਉਹ ਅਧਿਕਾਰ ਹਨ ਜਿਹੜੇ ਬਰਤਾਨੀਆਂ ਦੀ ਮਜਦੂਰ ਜਮਾਤ ਨੇ, ਦੂਸਰੀ ਸੰਸਾਰ ਜੰਗ ਦੇ ਅੰਤ 'ਤੇ, ਆਪਣੇ ਜੁਝਾਰੂ ਸੰਘਰਸ਼ਾਂ ਰਾਹੀਂ ਜਿੱਤੇ ਸਨ। ਉਸ ਵਕਤ ਬਰਤਾਨੀਆਂ ਦੇ ਮਜਦੂਰ, ਸੋਵੀਅਤ ਸੰਘ ਵਿੱਚ ਸਮਾਜਵਾਦ ਦੀਆਂ ਪ੍ਰਾਪਤੀਆਂ ਤੋਂ ਪ੍ਰੇਰਿਤ ਸਨ। ਹੁਣ ਸਰਕਾਰ ਸੰਜਮਤਾ ਲਈ ਕਠੋਰ ਕਦਮਾਂ ਦੇ ਨਾਂ 'ਤੇ, ਇਨ੍ਹਾਂ ਸੱਭ ਅਧਿਕਾਰਾਂ ਉੱਤੇ ਹੱਲਾ ਬੋਲ ਰਹੀ ਹੈ। ਕਾ. ਦਲਵਿੰਦਰ ਨੇ, ਆਪਣੇ ਅਧਿਕਾਰਾਂ ਦੇ ਲਈ ਅਤੇ ਸਿਹਤ ਸੇਵਾ ਤੇ ਹੋਰ ਸਮਾਜਿਕ ਸੇਵਾਵਾਂ ਨੂੰ ਨਸ਼ਟ ਕਰਨ ਦੀਆਂ ਕੋਸ਼ਿਸ਼ਾਂ ਦੇ ਖਿਲਾਫ਼, ਹਸਪਤਾਲ ਕਰਮੀਆਂ ਦੇ ਸੰਘਰਸ਼ ਦੀ ਹਮਾਇਤ ਕੀਤੀ।

ਮਜਦੂਰ ਏਕਤਾ ਲਹਿਰ ਦੇ ਪ੍ਰਤੀਨਿਧ ਨਾਲ ਫੋਨ 'ਤੇ ਗੱਲ ਕਰਦਿਆਂ, ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਬੁਲਾਰੇ ਨੇ ਕਿਹਾ ਕਿ ਇਸ ਪ੍ਰੋਗਰਾਮ ਦੀ ਸਫਲ ਸ਼ੁਰੂਆਤ ਨਾਲ ਲੋਕਾਂ ਵਿੱਚ ਕਾਫੀ ਜੋਸ਼ ਹੈ। ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਕਾਰਜਕਰਤਾ, ਲੋਕਾਂ ਨੂੰ ਧਰਨੇ 'ਚ ਹਿੱਸਾ ਲੈਣ ਅਤੇ ਇਸ ਦੀ ਹਮਾਇਤ ਕਰਨ ਲਈ ਉਤਸ਼ਾਹਤ ਕਰਨ ਲਈ ਪੂਰਾ ਜੋਰ ਲਾ ਰਹੇ ਹਨ। ਉਸਨੇ ਦੱਸਿਆ ਕਿ 17 ਜੂਨ ਨੂੰ ਈਲਿੰਗ ਵਿੱਚ ਵੈਸਟ ਲੰਡਨ ਕਾਂਉਂਸਲ ਆਫ਼ ਐਕਸ਼ਨ ਵਲੋਂ ਸੱਦੀ ਗਈ ਜਨਤਕ ਸਭਾ ਵਿੱਚ ਇਸ ਮੁਜਾਹਰੇ ਅਤੇ ਧਰਨੇ ਨੂੰ ਜਥੇਬੰਦ ਕਰਨ ਦਾ ਫੈਸਲਾ ਲਿਆ ਗਿਆ ਸੀ।(ਨੋਟ ਇਸ ਫੈਸਲੇ ਬਾਰੇ ਜਾਰੀ ਕੀਤੀ ਗਈ ਪ੍ਰੈਸ ਰੀਲੀਜ਼ ਬਾਕਸ ਵਿੱਚ ਦੇਖੋ)। ਉਸ ਸਭਾ ਵਿੱਚ ਸਾਰੇ ਹੀ ਬੁਲਾਰਿਆਂ ਨੇ ਕਿਹਾ ਸੀ ਕਿ ਈਲਿੰਗ ਹਸਪਤਾਲ ਦੇ ਜਣੇਪਾ ਵਾਰਡ ਨੂੰ ਬੰਦ ਹੋਣ ਤੋਂ ਬਚਾਉਣਾ ਉਨ੍ਹਾਂ ਦਾ ਅਧਿਕਾਰ ਹੈ ਅਤੇ ਕਰਤੱਵ ਵੀ ਹੈ। ਇੰਡੀਅਨ ਵਰਕਰਜ਼ ਐਸੋਸੀਏਸ਼ਨ ਨੇ ਉਸ ਸਭਾ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਸੀ ਅਤੇ ਇਸ ਜਾਇਜ਼ ਸੰਘਰਸ਼ ਵਿੱਚ ਮਜਦੂਰਾਂ ਨੂੰ ਵੱਡੀ ਗਿਣਤੀ 'ਚ ਲਾਮਬੰਦ ਕਰਨ ਦੀ ਆਪਣੀ ਦ੍ਰਿੜਤਾ ਜਾਹਰ ਕੀਤੀ ਸੀ।■




## ਪਬਲਿਕ ਮੀਟਿੰਗ ਵਿੱਚ ਈਲਿੰਗ ਹਸਪਤਾਲ ਨੂੰ ਬਚਉਣ ਲਈ ਇਸ ਉਤੇ ਕਬਜ਼ਾ ਕਰਨ ਦਾ ਫੈਸਲਾ

ਈਲਿੰਗ: ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਸਲਵਿੰਦਰ ਸਿੰਘ ਢਿਲੋਂ ਵਲੋਂ ਖਬਰ ਦਿੱਤੀ ਗਈ ਹੈ ਕਿ ਕੱਲ ਸ਼ਾਮ, 16 ਜੂਨ ਨੂੰ, ਈਲਿੰਗ ਵਿੱਚ ਇੱਕ ਪਬਲਿਕ ਮੀਟਿੰਗ ਵਿਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਈਲਿੰਗ ਹਸਪਤਾਲ ਦੇ ਮੈਟਿਰਨਿਟੀ ਵਾਰਡ, ਜਿਸ ਨੂੰ ਸਰਕਾਰ ਨੇ ਪਹਿਲੀ ਜੁਲਾਈ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਹੈ, ਨੂੰ ਬਚਾਉਣ ਦਾ ਇੱਕੋ-ਇੱਕ ਤਰੀਕਾ ਇਸ ਉਤੇ ਕਬਜ਼ਾ ਕਰਨਾ ਬਾਕੀ ਰਹਿ ਗਿਆ ਹੈ। ਮੁਜ਼ਾਹਰੇ, ਅਪੀਲਾਂ ਅਤੇ ਪਟੀਸ਼ਨਾਂ ਦਾ ਕੋਈ ਅਸਰ ਨਹੀਂ ਹੋਇਆ।

ਸਾਉਥਾਲ, ਈਲਿੰਗ ਅਤੇ ਹੋਰ ਆਸ-ਪਾਸ ਦੇ ਇਲਾਕਿਆਂ ਦੀ ਸੰਘਣੀ ਵਸੋਂ ਵਾਸਤੇ ਈਲਿੰਗ ਹਸਪਤਾਲ ਬੰਦ ਹੋਣ ਨਾਲ ਲੋਕਾਂ ਨੂੰ ਬਹੁਤ ਤਕਲੀਫਾਂ ਦਾ ਸਾਹਮਣਾ ਕਰਨਾ ਪਵੇਗਾ। ਪਰ ਸਰਕਾਰ ਦੇ ਕੰਨ ਉਤੇ ਕੋਈ ਜੂੰ ਨਹੀਂ ਸਰਕ ਰਹੀ। ਈਲਿੰਗ ਹਸਪਤਾਲ ਇੱਕ ਟੈਸਟ ਕੇਸ ਹੈ, ਜੇਕਰ ਇਸ ਨੂੰ ਬਚਾਉਣ ਵਿੱਚ ਕਾਮਯਾਬੀ ਮਿਲ ਗਈ ਤਾਂ ਦੇਸ਼ ਵਿਚ ਹੋਰ ਹਸਪਤਾਲਾਂ ਨੂੰ ਵੀ ਬਚਾਇਆ ਜਾ ਸਕਦਾ ਹੈ।

ਮੀਟਿੰਗ ਵਿੱਚ ਦੱਸਿਆ ਗਿਆ ਕਿ ਕਬਜ਼ਾ ਕਰਨਾ ਗੈਰ-ਕਨੂੰਨੀ ਨਹੀਂ, ਅਜੇਹਾ ਕਰਨ ਨਾਲ ਕਿਸੇ ਕਨੂੰਨ ਦੀ ਉਲੰਘਣਾ ਨਹੀਂ ਹੁੰਦੀ।

ਹੇਜ਼ ਹਲਕੇ ਦਾ ਐਮ.ਪੀ. ਜੌਹਨ ਮੈਕਡਾਲਨਡ ਵੀ ਇਸ ਮੀਟਿੰਗ ਵਿੱਚ ਸ਼ਾਮਲ ਸੀ। ਉਸ ਨੇ ਹੇਜ਼ ਦੇ ਇਲਾਕੇ ਵਿੱਚ ਇੱਕ ਕਾਟੇਜ ਹਸਪਤਾਲ ਨੂੰ ਉਸ ਉਤੇ ਕਬਜ਼ਾ ਕਰਕੇ ਬਚਾਉਣ ਦੀ ਮਿਸਾਲ ਦਿੱਤੀ।

ਦਲਵਿੰਦਰ ਅਟਵਾਲ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨੈਸ਼ਨਲ ਹੈਲਥ ਸਰਵਿਸ ਅਤੇ ਸਮਾਜਿਕ ਸੇਵਾਵਾਂ ਦੂਸਰੀ ਸੰਸਾਰ ਜੰਗ ਤੋਂ ਬਾਅਦ ਮਜ਼ਦੂਰ ਜਮਾਤ ਨੇ ਆਪਣੇ ਖਾੜਕੂ ਸੰਘਰਸ਼ ਰਾਹੀਂ ਚਾਲੂ ਕਰਵਾਈਆਂ ਸਨ। ਉਸ ਵੇਲੇ ਸਰਮਾਏਦਾਰਾਂ ਦੀ ਸਰਕਾਰ ਨੇ ਇਹ ਮੰਗਾਂ ਬਿਨ੍ਹਾਂ ਬਹੁਤੀ ਹੀਲ ਹੁਜ਼ਤ ਦੇ ਸਵੀਕਾਰ ਕਰ ਲਈਆਂ, ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਬਰਤਾਨੀਆਂ ਦੇ ਮਜ਼ਦੂਰ ਸੋਵੀਅਤ ਯੂਨੀਅਨ ਵਿਚ ਮਜ਼ਦੂਰਾਂ ਦੀ ਸਰਕਾਰ ਨੂੰ ਇੱਕ ਮਾਡਲ ਦੇ ਤੌਰ ਤੇ ਦੇਖਦੇ ਹਨ ਅਤੇ ਉਹ ਕਿੱਧਰੇ ਇਥੇ ਵੀ ਅਜੇਹਾ ਰਾਜ ਸਥਾਪਤ ਕਰਨ ਉਤੇ ਨਾ ਤੁੱਲ ਜਾਣ।

ਕਾਮਰੇਡ ਦਲਵਿੰਦਰ ਨੇ ਕਿਹਾ ਕਿ ਹਸਪਤਾਲਾਂ ਨੂੰ ਬਚਾਉਣ ਲਈ ਅਤੇ ਹੋਰ ਸਮਾਜਿਕ ਸੇਵਾਵਾਂ ਉਤੇ ਹਮਲਿਆਂ ਦੇ ਖਿਲਾਫ ਸਾਨੂੰ ਇਸ ਕਰਕੇ ਸੰਘਰਸ਼ ਕਰਨਾ ਪੈ ਰਿਹਾ ਹੈ ਕਿ ਹੁਣ ਸਰਮਾਏਦਾਰ ਆਪਣੇ ਆਪਨੂੰ ਬਿਲਕੁੱਲ ਸੁਰੱਖਿਅਤ ਸਮਝਦੇ ਹਨ। ਇਸ ਲਈ ਜ਼ਰੂਰਤ ਹੈ ਕਿ ਬਰਤਾਨੀਆਂ ਵਿਚ ਅਜੇਹਾ ਰਾਜ ਸਥਾਪਤ ਕੀਤਾ ਜਾਵੇ ਜਿਸ ਵਿਚ ਫੈਸਲੇ ਲੈਣ ਦੇ ਹੱਕ ਮਜ਼ਦੂਰ ਜਮਾਤ ਦੇ ਹੱਥ ਵਿਚ ਹੋਵੇ। ਅਜੇਹੇ ਰਾਜ ਵਿਚ ਹਸਪਤਾਲ ਖੁੱਲ੍ਹੇ ਰੱਖਣ ਜਾਂ ਹੋਰ ਸੇਵਾਵਾਂ ਚਾਲੂ ਰੱਖਣ ਵਾਸਤੇ ਮਿੰਨਤਾਂ ਨਹੀਂ ਸਗੋਂ ਇਹ ਸੱਭ ਲੋਕਾਂ ਦਾ ਨਾ ਉਲੰਘੇ ਜਾਣ ਵਾਲਾ ਅਧਿਕਾਰ ਹੋਵੇ।

ਅਖੀਰ ਵਿਚ ਸਰਬਸੰਮਤੀ ਨਾਲ ਫੈਸਲਾ ਹੋਇਆ ਕਿ ਇਸ ਹਸਪਤਾਲ ਉਤੇ ਕਬਜ਼ਾ ਕਰ ਲਿਆ ਜਾਵੇ। ਐਮ.ਪੀ. ਜੌਹਨ ਮੈਕਡਾਨਲਡ ਨੇ ਵੀ ਕਿਹਾ ਕਿ ਉਹ 24 ਜੂਨ ਨੂੰ ਕਬਜ਼ਾ ਕਰਨ ਦੇ ਐਕਸ਼ਨ ਵਿਚ ਸ਼ਾਮਲ ਹੋਵੇਗਾ।

ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਪਣੇ ਸੱਭ ਗੁਰਦੁਆਰਿਆਂ, ਮੰਦਰਾਂ ਅਤੇ ਮਸੀਤਾਂ ਦੀਆਂ ਕਮੇਟੀਆਂ ਅਤੇ ਆਪਣੇ ਲੋਕਾਂ ਦੀਆਂ ਸੱਭ ਅਗਾਂਹਵਧੂ ਜਥੇਬੰਦੀਆਂ ਨੂੰ ਇਸ ਐਕਸ਼ਨ ਦੀ ਪੁਰਜ਼ੋਰ ਹਮਾਇਤ ਕਰਨ ਦੀ ਅਪੀਲ ਕਰਦੀ ਹੈ ਅਤੇ ਸੱਭ ਲੋਕਾਂ ਨੂੰ ਵੱਧ-ਚੜ੍ਹ ਕੇ ਇਸ ਵਿਚ ਸ਼ਾਮਲ ਹੋਣ ਦੀ ਅਪੀਲ ਕਰਦੀ ਹੈ।

ਮੁਜ਼ਾਹਰਾ: 24 ਜੂਨ, ਦਿਨ ਬੁੱਧਵਾਰ ਨੂੰ 11 ਵਜੇ, ਬੈਰਿਸਫੋਰਡ ਰੋਡ, ਸਾਊਥਾਲ (ਮੀਰੀਪੀਰੀ ਗੁਰਦੁਆਰੇ ਦੇ ਨਾਲ), ਇਕੱਠੇ ਹੋਵੋ। 12 ਵਜੇ ਦੁਪਹਿਰ ਨੂੰ ਇਹ ਮਾਰਚ ਸਾਊਥਾਲ ਤੋਂ ਚੱਲ ਕੇ ਈਲਿੰਗ ਹਸਪਤਾਲ ਵਲ ਕੂਚ ਕਰੇਗਾ ਅਤੇ ਉਥੇ ਪਹੁੰਚ ਕੇ ਇਸ ਉਤੇ ਕਬਜ਼ਾ ਕਰੇਗਾ।

# ਨੇਟੋ ਨੇ ਰੂਸ ਦੇ ਖਿਲਾਫ ਜੰਗ ਦੀਆਂ ਤਿਆਰੀਆਂ ਤੇਜ਼ ਕਰ ਦਿੱਤੀਆਂ

ਬਰਸਲਜ਼, ਬੈਲ਼ਜੀਅਮ ਵਿਚ 24-25 ਜੂਨ ਨੂੰ ਹੋਈ ਨੇਟੋ ਗਠਜੋੜ ਦੇ ਬਦੇਸ਼ ਮੰਤਰੀਆਂ ਦੀ ਗੋਸ਼ਟੀ ਵਿਚ ਰੂਸ ਦੇ ਖਿਲਾਫ ਜੰਗ ਦੀਆਂ ਤਿਆਰੀਆਂ ਤੇਜ਼ ਕੀਤੇ ਜਾਣ ਦਾ ਐਲਾਨ ਕੀਤਾ ਗਿਆ ਹੈ।

ਰੂਸ ਦੀ ਸਰਹੱਦ ਉਤੇ ਤਾਇਨਾਤ ਨੇਟੋ ਦੀ ਰਿਸਪੌਂਸ ਫੋਰਸ ਦੀ ਗਿਣਤੀ 13,000 ਤੋਂ ਵਧਾ ਕੇ 40,000 ਕਰ ਦਿੱਤੀ ਜਾਵੇਗੀ। ਮੀਟਿੰਗ ਤੋਂ ਇੱਕ ਦਿਨ ਪਹਿਲਾਂ, 23 ਜੂਨ ਨੂੰ ਅਮਰੀਕੀ ਡੀਫੈਂਸ ਸਕੱਤਰ, ਐਸ਼ਟਨ ਕਾਰਟਰ ਨੇ ਐਲਾਨ ਕੀਤਾ ਸੀ ਕਿ ਲਤਵੀਆ, ਲਿਥੂਏਨੀਆਂ, ਇਸਟੋਨੀਆਂ, ਪੋਲੈਂਡ, ਰੁਮਾਨੀਆਂ ਅਤੇ ਬੁਲਗਾਰੀਆ ਵਿਚ ਅਮਰੀਕਾ ਦੇ ਸੈਂਕੜੇ ਟੈਂਕ, ਫੌਜੀ ਵਾਹਨ ਅਤੇ ਭਾਰੀ ਤੋਪਖਾਨਾ ਤਾਇਨਾਤ ਕੀਤਾ ਜਾ ਰਿਹਾ ਹੈ।

ਰੂਸ ਦੀਆਂ ਸਰਹੱਦਾਂ ਨਾਲ ਲੱਗਦੇ ਦੇਸ਼ਾਂ ਵਿਚ ਫੌਜਾਂ ਦੀ ਗਿਣਤੀ ਵਧਾਏ ਜਾਣਾ ਨੇਟੋ ਦੀ ਰੂਸ ਉਤੇ ਨਿਸ਼ਾਨਾ ਸਾਧਣ ਦੀ ਨਵੀਂ ਨੀਤੀ ਦਾ ਇੱਕ ਭਾਗ ਹੈ। ਇਹ ਰੂਸ ਦੇ ਖਿਲਾਫ ਜੰਗ ਲਾਉਣ ਦੀ ਸਪੱਸ਼ਟ ਧਮਕੀ ਹੈ।

ਪੋਲੈਂਡ ਦੇ ਡੀਫੈਂਸ ਮੰਤਰੀ ਟੋਮਸ ਸੀਮੋਨੀਆਕ ਨੇ ਅਮਰੀਕਾ-ਨੇਟੋ ਨੀਤੀ ਨੂੰ ਇਹ ਐਲਾਨ ਕਰਦਿਆਂ ਸਪੱਸ਼ਟ ਕੀਤਾ ਕਿ: "ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਦਾ ਸ਼ਾਂਤਮਈ ਦੌਰ ਸਮਾਪਤ ਹੋ ਗਿਆ ਹੈ"। ਦੂਸਰੇ ਸ਼ਬਦਾਂ ਵਿਚ, ਅਮਰੀਕੀ ਸਾਮਰਾਜਵਾਦ ਅਤੇ ਉਸਦੇ ਭਾਈਵਾਲ ਰੂਸ ਉੱਤੇ ਹਮਲਾ ਕਰਨ ਦੀਆਂ ਤਿਆਰੀਆਂ ਕਰ ਰਹੇ ਹਨ।

ਰੱਖਿਆ ਮੰਤਰੀਆਂ ਨੇ ਨੇਟੋ ਦੇ 6 ਨਵੇਂ ਕਮਾਂਡ ਸੈਂਟਰ ਖੋਲ੍ਹਣ ਦਾ ਫੈਸਲਾ ਲਿਆ ਹੈ। ਇਹ ਸੈਂਟਰ ਲਤਵੀਆ, ਲਿਥੂਏਨੀਆਂ, ਇਸਟੋਨੀਆਂ, ਪੋਲੈਂਡ, ਰੁਮਾਨੀਆਂ ਅਤੇ ਬੁਲਗਾਰੀਆ ਵਿਚ ਸਥਿਤ ਹੋਣਗੇ। ਇਹ ਨਵੇਂ ਸੈਂਟਰ ਰਣਨੈਤਿਕ ਯੋਜਨਾਵਾਂ, ਫੌਜੀ ਮਸ਼ਕਾਂ ਅਤੇ ਇੱਕ ਨਵੀਂ ਬਣਾਈ ਗਈ ਬਹੁਤ ਉਚੀ ਤਿਆਰੀ ਵਾਲਾ ਸਾਂਝਾ ਕਾਰਵਾਈ ਬਲ (ਵੈਰੀ ਹਾਈ ਰੈਡੀਨੈਸ ਜਾਇੰਟ ਟਾਕਸ ਫੋਰਸ -ਵੀ.ਜੇ.ਟੀ.ਐਫ.) ਤਾਇਤਾਨ ਕਰਨ ਦੀਆਂ ਸਹੂਲਤਾਂ ਪ੍ਰਦਾਨ ਕਰਨਗੇ। ਇਹ ਐਲਾਨ ਕੀਤਾ ਗਿਆ ਹੈ ਕਿ ਅਮਰੀਕਾ ਵੀ.ਜੇ.ਟੀ.ਐਫ. ਨੂੰ ਬੰਬਾਰ ਹਵਾਈ ਜਹਾਜ਼, ਜੰਗੀ ਜੈਟ, ਨਿਗਾਹ ਰੱਖਣ ਵਾਲੇ ਡਰੋਨ, ਵਿਸ਼ੇਸ਼ ਅਪਰੇਸ਼ਨਾਂ ਦੇ ਸੈਨਿਕ ਅਤੇ ਹੋਰ ਸੈਨਿਕ ਸਾਧਨ ਦੇਵੇਗਾ।

ਰੱਖਿਆ ਮੰਤਰੀਆਂ ਨੇ ਵੀ.ਜੇ.ਟੀ.ਐਫ. ਦੀਆਂ ਕਾਰਵਾਈਆਂ ਦੀ ਸਹੂਲਤ ਵਾਸਤੇ ਯੂਰਪ ਵਿਚ ਨੇਟੋ ਦੇ ਸਾਂਝੇ ਉਚਤਮ ਕਮਾਂਡਰ, ਅਮਰੀਕੀ ਜਨਰਲ, ਫਿਲਿਪ ਬਰੀਡਲਵ ਨੂੰ ਬਹੁਤ ਛੋਟੇ ਸਮੇਂ ਦੀ ਸੂਚਨਾ ਦੇ ਕੇ ਸੈਨਿਕ ਤਾਇਨਾਤ ਕਰਨ ਦਾ ਅਧਿਕਾਰ ਦੇਣ ਦੀ ਮਨਜ਼ੂਰੀ ਦੇ ਦਿੱਤੀ ਹੈ।

ਬਰਸਲਜ਼ ਗੋਸ਼ਟੀ ਇਹ ਸਪੱਸ਼ਟ ਕਰਦੀ ਹੈ ਕਿ ਰੂਸ ਨਾਲ ਝਗੜਾ ਇੱਕ ਪ੍ਰਮਾਣੂੰ ਜੰਗ ਵਿਚ ਬਦਲ ਜਾਣ ਦਾ ਖਤਰਾ ਵਧ ਗਿਆ ਹੈ। ਇਸ ਸਾਲ ਦੇ ਅਖੀਰ ਵਿਚ ਨੇਟੋ ਦੇ ਪ੍ਰਮਾਣੂੰ ਯੋਜਨਾ ਗਰੁੱਪ ਦੀ ਮੀਟਿੰਗ ਹੋ ਰਹੀ ਹੈ। ਰਿਪੋਰਟਾਂ ਅਨੁਸਾਰ ਇਸ ਮੀਟਿੰਗ ਵਿਚ ਵਿਚਾਰੇ ਜਾਣ ਵਾਲੇ ਵਿਸ਼ਿਆਂ ਵਿਚ "ਨੇਟੋ ਸੈਨਿਕ ਮਸ਼ਕਾਂ ਵਿਚ ਪ੍ਰਮਾਣੂੰ ਹਥਿਆਰਾਂ ਦਾ ਵਧੇਰੇ ਰੋਲ" ਵੀ ਸ਼ਾਮਲ ਹੈ।

ਇਸ ਸਾਲ ਹੋਈਆਂ ਨੇਟੋ ਸੈਨਿਕ ਮਸ਼ਕਾਂ ਦਾ ਉਦੇਸ਼ ਰੂਸ ਨੂੰ ਭੜਕਾਉਣ ਦੀਆਂ ਗੰਭੀਰ ਕੋਸ਼ਿਸ਼ਾਂ ਸਨ। ਅਮਰੀਕਾ ਨੇ ਲਤਵੀਆ ਵਿਚ, ਰੂਸ ਦੀ ਸਰਹੱਦ ਦੇ ਨਜ਼ਦੀਕ ਬੰਬਾਰੀ ਕਰਨ ਦੀਆਂ ਅਤੇ ਪੋਲੈਂਡ ਅਤੇ ਲਿਥੂਏਨੀਆਂ ਵਿਚ ਅਮਰੀਕਾ ਦੇ ਸ਼ਾਤਾਬਰਦਾਰਾਂ ਨੇ ਏਅਰਪੋਰਟਾਂ ਉੱਤੇ ਕਬਜ਼ਾ ਕਰਨ ਦੀਆਂ ਮਸ਼ਕਾਂ ਕੀਤੀਆਂ।

ਰੂਸ ਨੇ ਅਮਰੀਕਾ ਅਤੇ ਉਸਦੇ ਮਿੱਤਰਾਂ ਦੀਆਂ ਜੰਗੀ ਤਿਆਰੀਆਂ ਵਿਚ ਵਾਧੇ ਉਤੇ ਧਿਆਨ ਦਿੱਤਾ ਹੈ। ਉਸ ਨੇ ਆਪਣੀ ਪ੍ਰਭੂਸਤਾ ਦੀ ਰਖਵਾਲੀ ਕਰਨ ਵਾਸਤੇ ਜਵਾਬੀ ਕਦਮ ਉਠਾਉਣੇ ਸ਼ੁਰੂ ਕਰ ਦਿੱਤੇ ਹਨ।

ਰੂਸ ਦੀ ਘੇਰਾਬੰਦੀ ਕਰਕੇ ਉਸ ਨੂੰ ਫਤੇਹ ਕਰਨ ਦੀਆਂ ਅਮਰੀਕੀ ਯੋਜਨਾਵਾਂ ਦੇ ਸਿੱਟੇ ਵਜੋਂ ਰੁਸ, ਯੂਰਪ ਅਤੇ ਬਾਕੀ ਦੀ ਦੁਨੀਆਂ ਦੇ ਲੋਕਾਂ ਵਾਸਤੇ ਬਹੁਤ ਖਤਰਨਾਕ ਹਾਲਾਤ ਤਿਆਰ ਕੀਤੀ ਜਾ ਰਹੀ ਹੈ। ਘਟਨਾਵਾਂ ਤੋਂ ਇਹ ਦਿਖਾਈ ਦੇ ਰਿਹਾ ਹੈ ਕਿ ਅਮਰੀਕੀ ਸਾਮਰਾਜਵਾਦ ਸਮੁੱਚੀ ਦੁਨੀਆਂ ਉਤੇ ਆਪਣੀ ਚੌਧਰ ਜਮਾਉਣ ਦੀਆਂ ਕੋਸ਼ਿਸ਼ਾਂ ਵਿਚ ਮਨੁੱਖਤਾ ਨੂੰ ਇੱਕ ਨਵੀਂ ਵਿਸ਼ਵ ਜੰਗ ਵਿਚ ਝੋਕਣ ਲਈ ਤਿਆਰ ਹੈ। ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ, ਅਮਰੀਕੀ ਸਾਮਰਾਜਵਾਦ ਅਤੇ ਨੇਟੋ ਵਲੋਂ ਰੂਸ ਦੇ ਖਿਲਾਫ ਤੇਜ਼ ਕੀਤੀਆਂ ਜੰਗੀ ਤਿਆਰੀਆਂ ਦੀ ਸਖ਼ਤ ਨਿਖੇਧੀ ਕਰਦੀ ਹੈ। ■

## ... ਲੰਡਨ ਵਿਚ ਭਾਰੀ ਮੁਜ਼ਾਹਰਾ

ਸਫਾ 2 ਦੀ ਬਾਕੀ

ਸੁਧਾਰ ਨਾਲ ਵੱਡੀਆਂ ਬੈਂਕਾਂ ਅਤੇ ਅਜਾਰੇਦਾਰ ਸਰਮਾਏਦਾਰ ਕਾਰਪੋਰੇਸ਼ਨਾਂ ਨੂੰ ਹੀ ਫਾਇਦਾ ਹੈ, ਮੇਹਨਤਕਸ਼ ਲੋਕਾਂ ਨੂੰ ਨਹੀਂ। ਮਿਸਾਲ ਦੇ ਤੌਰ ਤੇ ਸਰਕਾਰੀ ਖੇਤਰ ਵਿਚੋਂ 10,000 ਨੌਕਰੀਆਂ ਕੱਟੀਆਂ ਜਾ ਰਹੀਆਂ ਹਨ।

ਕਠੋਰਤਾ ਦੇ ਕਦਮਾਂ ਨਾਲ ਬੱਜਟੀ ਘਾਟੇ ਵਿਚ ਕਮੀ ਨਹੀਂ ਹੋਣ ਵਾਲੀ, ਕਿਉਂਕਿ ਖਰਚੇ ਘਟਾਉਣ ਨਾਲ ਨੌਕਰੀਆਂ ਘਟਣਗੀਆਂ, ਜਿਸ ਦੇ ਸਿੱਟੇ ਵਜੋਂ ਮੇਹਨਤਕਸ਼ਾਂ ਵਲੋਂ ਦਿੱਤਾ ਜਾਂਦਾ ਟੈਕਸ ਘਟੇਗਾ। ਨੌਕਰੀਆਂ ਤੋਂ ਕੱਢੇ ਗਏ ਮਜ਼ਦੂਰਾਂ ਨੂੰ ਆਪਣੇ ਨਿਰਬਾਹ ਵਾਸਤੇ ਸਮਾਜਿਕ ਭੱਤੇ ਲੈਣੇ ਪੈਣਗੇ, ਜਿਸ ਨਾਲ ਬੱਜਟ ਦਾ ਘਾਟਾ ਹੋਰ ਵਧੇਗਾ। ਸਰਮਾਏਦਾਰਾਂ ਦੀ ਇਸ ਦਲੀਲ ਦਾ ਖੋਖਲ਼ਾਪਣ ਐਨ ਨੰਗਾ ਹੋ ਜਾਂਦਾ ਹੈ ਜਦੋਂ ਸਰਮਾਏਦਾਰਾਂ ਦੇ ਇਹ ਪ੍ਰਤੀਨਿਧ ਪ੍ਰਭੂਸੱਤ ਦੇਸ਼ਾਂ ਦੇ ਖਿਲਾਫ ਨਾਜਾਇਜ਼ ਜੰਗਾਂ ਛੇੜਨ ਵਾਸਤੇ ਜਾਂ ਬੈਂਕਾਂ ਨੂੰ ਡੁਬਣੋਂ ਬਚਾਉਣ ਲਈ ਕਰਜ਼ੇ ਚੁੱਕਣ ਵਿਚ ਜ਼ਰਾ ਵੀ ਸੰਕੋਚ ਨਹੀਂ ਕਰਦੇ, ਪਰ ਲੋਕਾਂ ਦੀਆਂ ਮੁਸੀਬਤਾਂ ਵਿਚ ਉਨ੍ਹਾਂ ਦੀ ਮੱਦਦ ਕਰਨ ਤੋਂ ਇਨਕਾਰ ਕਰ ਰਹੇ ਹਨ। ਬਰਤਾਨੀਆਂ ਦੀ ਵੈਲਫੇਅਰ ਢਾਂਚਾ ਅਤੇ ਨੈਸ਼ਨਲ ਹੈਲਥ ਸਰਵਿਸ ਦੂਸਰੀ ਸੰਸਾਰ ਜੰਗ ਤੋਂ ਬਾਅਦ ਕਰਜ਼ਾ ਚੁੱਕ ਕੇ ਹੀ ਸਥਾਪਤ ਕੀਤਾ ਗਿਆ ਸੀ (ਉਸ ਵੇਲੇ ਬਰਤਾਨੀਆਂ ਦੇ ਸਿਰ 3000 ਮਿਲੀਅਨ ਪੌਂਡ ਕਰਜ਼ਾ ਸੀ)। ਪਰ ਇਹ ਉਹ ਸਮਾਂ ਸੀ ਜਦੋਂ ਜੰਗ ਤੋਂ ਮੁੜੇ ਫੌਜੀਆਂ ਵਿਚ ਸੋਵੀਅਤ ਯੂਨੀਅਨ ਵਿਚ ਮਜ਼ਦੂਰਾਂ ਦੇ ਰਾਜ ਵਲੋਂ ਮੁਫਤ ਸੇਹਤ ਸੇਵਾ, ਪੜ੍ਹਾਈ, ਅਤੇ ਲੋਕਾਂ ਨੂੰ ਹੋਰ ਅਨੇਕਾਂ ਸਹੂਲ਼ਤਾਂ ਦੇਣ ਕਰਕੇ ਸੋਵੀਅਤ ਢਾਂਚੇ ਦੀ ਅਥਾਹ ਕਦਰ ਸੀ ਅਤੇ ਉਹ ਬਰਤਾਨੀਆਂ ਵਿਚ ਵੀ ਅਜੇਹਾ ਰਾਜ ਸਥਾਪਤ ਕਰਨ ਦੀ ਸਮਰਥਾ ਰੱਖਦੇ ਸਨ। 1980ਵਿਆਂ ਦੇ ਅਖੀਰ ਅਤੇ 1990ਵਿਆਂ ਦੇ ਸ਼ੁਰੂ ਵਿਚ, ਸੋਵੀਅਤ ਯੂਨੀਅਨ ਦੇ ਢਹਿ-ਢੇਰੀ ਹੋ ਜਾਣ ਤੋਂ ਬਾਅਦ ਸਰਮਾਏਦਾਰੀ ਨੇ ਮਜ਼ਦੂਰਾਂ ਦੇ ਖਿਲਾਫ ਆਪਣੇ ਹਮਲੇ ਤੇਜ਼ ਕਰ ਦਿੱਤੇ।

ਸਰਮਾਏਦਾਰਾਂ ਦੀਆਂ ਨੀਤੀਆਂ ਦੇ ਸਿੱਟੇ ਵਜੋਂ, ਅੱਜ ਬਰਤਾਨੀਆਂ ਵਿਚ 5 ਮਿਲੀਅਨ ਤੋਂ ਜ਼ਿਆਦਾ ਮਜ਼ਦੂਰਾਂ ਨੂੰ ਓਨੀ ਤਨਖਾਹ ਨਹੀਂ ਦਿੱਤੀ ਜਾਂਦੀ ਕਿ ਉਨ੍ਹਾਂ ਦਾ ਟੈਕਸ ਕੱਟਿਆ ਜਾਵੇ। ਮਿਲੀਅਨਾਂ ਦੀ ਗਿਣਤੀ ਵਿਚ ਮਜ਼ਦੂਰ ਟੈਕਸ ਕਰੈਡਿਟ ਉਤੇ ਹਨ ਕਿਉਂਕਿ ਉਹ ਆਪਣੀ ਤਨਖਾਹ ਵਿਚੋਂ ਆਪਣੇ ਬਿਲ ਦੇਣ ਤੋਂ ਅਸਮਰਥ ਹਨ। ਇੱਕ ਮਿਲੀਅਨ ਤੋਂ ਵੱਧ ਲੋਕ ਫੂਡ ਬੈਂਕਾਂ ਅਤੇ ਹੋਰ ਚੈਰਿਟੀਆਂ ਉਤੇ ਨਿਰਭਰ ਹਨ ਅਤੇ ਇਹ ਗਿਣਤੀ 2016-17 ਤਕ 2.2 ਮਿਲੀਅਨ ਹੋ ਜਾਣ ਦੇ ਅਨੁਮਾਨ ਹਨ।

ਦੂਸਰੇ ਪਾਸੇ, 10% ਸੱਭ ਤੋਂ ਅਮੀਰ ਲੋਕਾਂ ਕੋਲ ਬਰਤਾਨੀਆਂ ਦੀ 70% ਦੌਲਤ ਹੈ ਅਤੇ ਇਸ ਮੰਦੇ ਦੁਰਾਨ ਉਨ੍ਹਾਂ ਦੀ ਦੌਲਤ ਦੁੱਗਣੀ ਹੋਈ ਹੈ। ਸਰਕਾਰ ਦੇ ਆਪਣੇ ਅੰਕੜੇ ਦੱਸਦੇ ਹਨ ਕਿ ਇਸ 10% ਸਿਰ 120 ਬਿਲੀਅਨ ਪੌਂਡ ਟੈਕਸ ਬਕਾਇਆ ਹੈ ਅਤੇ ਇਹ ਬਕਾਇਆ ਆਉਣ ਵਾਲੇ ਸਾਲ ਵਿਚ 70 ਬਿਲੀਅਨ ਹੋਰ ਵਧ ਜਾਣ ਦਾ ਅਨੁਮਾਨ ਹੈ।

ਸਰਮਾਏਦਾਰਾਂ ਦੇ ਸਿਧਾਂਤਕਾਰਾਂ ਨੇ ਲੋਕਾਂ ਨੂੰ ਬੁੱਧੂ ਬਣਾਉਣ ਵਾਸਤੇ ਇਹ ਬਹਿਸ ਸ਼ੁਰੂ ਕਰ ਦਿੱਤੀ ਹੈ ਕਿ ਤਾਜ਼ਾ ਹੋਈਆਂ ਚੋਣਾਂ ਵਿਚ ਲੇਬਰ ਪਾਰਟੀ ਕਿਉਂ ਨਹੀਂ ਜਿੱਤ ਸਕੀ, ਜਿਵੇਂ ਕਿ ਲੇਬਰ ਪਾਰਟੀ ਨੇ ਤਾਕਤ ਵਿਚ ਆ ਕੇ ਕੋਈ ਮਜ਼ਦੂਰ-ਪੱਖੀ ਅਜੰਡਾ ਲਾਗੂ ਕਰ ਦੇਣਾ ਸੀ। ਪਰ ਕੀ ਅਸੀਂ ਲੇਬਰ ਪਾਰਟੀ ਦੇ ਤਾਕਤ ਵਿਚ ਹੁੰਦਿਆ ਇਸ ਦਾ ਅਮਲ ਨਹੀਂ ਦੇਖਿਆ? ਕੀ ਅਸੀਂ ਇਹ ਭੁੱਲ ਗਏ ਹਾਂ ਕਿ ਲੇਬਰ ਪਾਰਟੀ ਵੀ ਜਦੋਂ ਤਾਕਤ ਵਿਚ ਹੁੰਦੀ ਹੈ ਸਰਮਾਏਦਾਰਾ-ਪੱਖੀ ਅਜੰਡਾ ਹੀ ਲਾਗੂ ਕਰਦੀ ਹੈ? ਨਹੀਂ ਅਸੀਂ ਨਹੀਂ ਭੁੱਲੇ ਅਤੇ ਨਾ ਹੀ ਭੁੱਲਣਾ ਚਾਹੀਦਾ ਹੈ। ਸਾਨੂੰ ਅੱਜ ਵੀ ਯਾਦ ਹੈ ਕਿ 2002 ਵਿਚ ਟੋਨੀ ਬਲੇਅਰ ਦੀ ਲੇਬਰ ਸਰਕਾਰ ਨੇ ਸਦਾਮ ਹੁਸੈਨ ਦੀ ਸਰਕਾਰ ਦਾ ਤਖਤਾ ਉਲਟਾਉਣ ਵਾਸਤੇ ਹਮਲਾ ਕਰ ਦਿੱਤਾ ਸੀ, ਬਾਵਯੂਦ ਇਸਦੇ ਕਿ 10 ਮਿਲੀਅਨ ਲੋਕਾਂ ਨੇ ਇਸ ਨਾਜਾਇਜ਼ ਹਮਲੇ ਨੂੰ ਰੋਕਣ ਵਾਸਤੇ ਮੁਜਾਹਰੇ ਕੀਤੇ ਸਨ, ਜਿਸ ਦਾ ਫਲ ਅਸੀਂ ਅੱਜ ਵੀ ਭੋਗ ਰਹੇ ਹਾਂ।

ਬਰਤਾਨਵੀ ਮਜ਼ਦੂਰ ਜਮਾਤ ਅਤੇ ਮੇਹਨਤਕਸ਼ ਲੋਕਾਂ ਨੂੰ ਇਹ ਫੈਸਲੇ ਲੈਣ ਦਾ ਕੋਈ ਹੱਕ ਨਹੀਂ ਕਿ ਦੇਸ਼ ਨੂੰ ਕਿਵੇਂ ਚਲਾਇਆ ਜਾਵੇ, ਭਾਵੇਂ ਇਹ ਬੱਜਟ ਹੋਵੇ ਜਾਂ ਆਰਥਿਕਤਾ ਦੀ ਦਿਸ਼ਾ ਬਾਰੇ ਹੋਵੇ ਅਤੇ ਜਾਂ ਕਿਸੇ ਦੇਸ਼ ਖਿਲਾਫ ਜੰਗ ਛੇੜਨ ਬਾਰੇ ਹੋਵੇ। ਇੱਕ ਬਾਰ ਜਦੋਂ ਲੋਕ ਆਪਣਾ ਵੋਟ ਪਾ ਦਿੰਦੇ ਹਨ, ਉਸੇ ਵੇਲੇ ਉਹ ਆਪਣੇ ਉਤੇ ਅਸਰ ਕਰਨ ਵਾਲੇ ਲਏ ਜਾਣ ਵਾਲੇ ਕਿਸੇ ਵੀ ਫੈਸਲੇ ਉਤੇ ਆਪਣੀ ਰਾਏ ਦੇਣ ਦਾ ਅਧਿਕਾਰ ਖੋਹ ਬੈਠਦੇ ਹਨ।

ਇਸ ਲਈ ਜਦੋਂ ਅਸੀਂ ਕਠੋਰਤਾ ਨੂੰ ਖਤਮ ਕਰਾਉਣ ਵਾਸਤੇ ਖਾੜਕੂ ਸੰਘਰਸ਼ ਚਲਾਉਂਦੇ ਹਾਂ ਤਾਂ ਸਾਨੂੰ ਇਸ ਸਰਮਾਏਦਾਰਾ ਜਮਹੂਰੀਅਤ ਦੇ ਢਾਂਚੇ ਦੀ ਜਗ੍ਹਾ ਇੱਕ ਅਜੇਹਾ ਢਾਂਚਾ ਸਥਾਪਤ ਕਰਨ ਲਈ ਜਥੇਬੰਦ ਕਰਨ ਦੀ ਵੀ ਜ਼ਰੂਰਤ ਹੈ ਜਿਸ ਢਾਂਚੇ ਵਿਚ ਲੋਕ ਦੇਸ਼ ਨੂੰ ਚਲਾਉਣ ਸਬੰਧੀ ਫੈਸਲੇ ਲੈਣ ਦੇ ਸਮਰੱਥ ਹੋਣ।

ਸਾਨੂੰ ਡੇਵਿਡ ਕੈਮਰਨ ਵਲੋਂ ਧੋਖੇ ਭਰੇ ਨਾਅਰਿਆਂ ਨਾਲ ਸਾਨੂੰ ਬੁੱਧੂ ਬਣਾਉਣ ਦੀਆਂ ਕੋਸ਼ਿਸ਼ਾਂ ਤੋਂ ਵੀ ਸਾਵਧਾਨ ਰਹਿਣਾ ਪਵੇਗਾ, ਜਿਵੇਂ ਕਿ ਉਹ ਕਹਿੰਦਾ ਹੈ ਕਿ ਉਹ "ਇੱਕ ਰਾਸ਼ਟਰ" ਦੀ ਹਕੂਮਤ ਚਲਾਉਣਾ ਚਾਹੁੰਦਾ ਹੈ ਜਾਂ ਫਿਰ ਇਹ ਕਿ ਕਨਜ਼ਰਵੇਟਿਵ ਪਾਰਟੀ ਮੇਹਨਤਕਸ਼ ਲੋਕਾਂ ਦੀ ਅਸਲੀ ਪਾਰਟੀ ਹੈ। ਕਨਜ਼ਰਵੇਟਿਵ ਪਾਰਟੀ ਅਜਾਰੇਦਾਰ ਸਰਮਾਏਦਾਰਾਂ ਦੀ ਪਾਰਟੀ ਹੈ ਅਤੇ ਬਰਤਾਨਵੀ ਪਾਰਲੀਮਾਨੀ ਢਾਂਚਾ ਸਰਮਾਏਦਾਰ ਜਮਾਤ ਦਾ ਢਾਂਚਾ ਹੈ। ਸਰਮਾਏਦਾਰਾਂ ਦੀ ਕੋਈ ਵੀ ਪਾਰਟੀ, ਭਾਵੇਂ ਉਹ ਕਨਜ਼ਰਵੇਟਿਵ ਹੋਵੇ ਜਾਂ ਫਿਰ ਲੇਬਰ, ਲਿਬਰਲ ਜਾਂ ਕੋਈ ਹੋਰ, ਉਹ ਮੌਜੂਦਾ ਢਾਂਚੇ ਨੂੰ ਸਰਮਾਏਦਾਰ ਜਮਾਤ ਅਤੇ ਮਜ਼ਦੂਰ ਜਮਾਤ ਦੋਵਾਂ ਦੇ ਹਿੱਤਾਂ ਵਾਸਤੇ ਨਹੀਂ ਚਲਾ ਸਕਦੀ।

ਹੁਣੇ ਜਿਹੇ ਹੀ, ਫਾਇਨੈਂਸ ਸੈਕਟਰੀ, ਜੌਰਜ ਓਸਬੋਰਨ ਨੇ ਇੱਕ ਹੋਰ ਧੋਖੇਬਾਜ਼ ਬਿਆਨਬਾਜ਼ੀ ਕੀਤੀ ਹੈ ਕਿ 2020 ਤੋਂ ਲੈ ਕੇ ਸਧਾਰਨ ਸਮਿਆਂ ਵਿਚ ਭਵਿੱਖ ਦੀਆਂ ਸਰਕਾਰਾਂ ਨੂੰ ਕਨੂੰਨੀ ਤੌਰ ਉਤੇ ਸੰਤੁਲਿਤ ਬੱਜਟ ਰੱਖਣਾ ਪਏਗਾ। ਇਹ "ਸਧਾਰਨ ਸਮੇਂ" ਤੋਂ ਉਸ ਦਾ ਕੀ ਭਾਵ ਹੈ? ਉਸਦਾ ਭਾਵ ਹੈ ਕਿ ਜਦੋਂ ਸਰਕਾਰ ਜੰਗਾਂ ਲਾਉਣੀਆਂ ਚਾਹੁੰਦੀ ਹੋਵੇ ਜਾਂ ਫਿਰ ਸਰਮਾਏਦਾਰ ਜਮਾਤ ਨੂੰ ਕਿਸੇ ਮੁਸ਼ਕਲ ਵਿਚੋਂ ਕੱਢਣਾ ਹੋਵੇ ਉਦੋਂ "ਅਸਾਧਾਰਨ" ਸਮਾਂ ਹੈ ਅਤੇ ਕਰਜ਼ਾ ਚੁੱਕਣਾ ਵੀ ਠੀਕ ਅਤੇ ਘਾਟੇ ਦਾ ਬੱਜਟ ਪਾਸ ਕਰਨਾ ਵੀ ਠੀਕ ਹੈ, ਪਰ ਜਦੋਂ ਲੋਕ ਭੈੜੀਆਂ ਹਾਲਤਾਂ ਦਾ ਸ਼ਿਕਾਰ ਹੋਣ ਅਤੇ ਮੁਸੀਬਤਾਂ ਝੱਲ ਰਹੇ ਹੋਣ ਉਹ ਸਮਾਂ "ਸਧਾਰਨ" ਹੈ।

ਮਜ਼ਦੂਰ ਜਮਾਤ ਨੂੰ ਆਪਣੇ ਹਿੱਤਾਂ ਵਿਚ ਫੈਸਲੇ ਲੈਣ ਦੇ ਸਮਰੱਥ ਬਣਨਾ ਪਵੇਗਾ। ਮਜ਼ਦੂਰ ਜਮਾਤ ਨੂੰ ਸਰਮਾਏਦਾਰਾ ਢਾਂਚੇ ਦੀ ਜਗ੍ਹਾ ਸਮਾਜਵਾਦੀ ਢਾਂਚਾ ਉਸਾਰਨ ਦੀ ਜ਼ਰੂਰਤ ਹੈ - ਇੱਕ ਅਜੇਹਾ ਢਾਂਚਾ ਜੋ ਬਾਰ-ਬਾਰ ਪੈਣ ਵਾਲੇ ਆਰਥਿਕ ਸੰਕਟਾਂ ਤੋਂ ਮੁਕਤ ਹੋਵੇ ਅਤੇ ਜਿਹੜਾ ਸਭਨਾਂ ਦੀ ਖੁਸ਼ਹਾਲੀ ਯਕੀਨੀ ਬਣਾਵੇ।

**ਕਠੋਰਤਾ ਖਤਮ ਕਰੋ! ਸੰਕਟ ਵਾਸਤੇ ਅਮੀਰਾਂ ਤੋਂ ਲਓ, ਮਜ਼ਦੂਰਾਂ ਤੋਂ ਨਹੀਂ!**







## ... ਕੈਂਪਾਂ ਉੱਤੇ ਵਹਿਸ਼ੀ ਹਮਲਾ

ਸਫਾ 1 ਦੀ ਬਾਕੀ

ਲਾ ਦਿੱਤੀ ਗਈ ਹੈ। ਮਣੀਪੁਰ ਦੇ ਬਾਕੀ ਲੋਕਾਂ ਨੂੰ ਕੁੱਝ ਵੀ ਪਤਾ ਨਹੀਂ ਹੈ ਕਿ ਉਥੋਂ ਦੇ ਵਸ਼ਿੰਦਿਆਂ ਨੂੰ ਕਿਨ੍ਹਾਂ-ਕਿਨ੍ਹਾਂ ਅੱਤਿਆਚਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮਣੀਪੁਰ ਦੀ ਸਥਿਤੀ ਪਹਿਲਾਂ ਹੀ ਬਹੁਤ ਗੰਭੀਰ ਹੈ ਅਤੇ ਹੁਣ ਮਣੀਪੁਰ ਦੇ ਅੰਦਰ ਅਤੇ ਇਹਦੀ ਸਰਹੱਦ ਨਾਲ ਲੱਗਦੇ ਮਿਆਂਮਾਰ ਦੇ ਜਿਲ੍ਹਿਆਂ ਵਿੱਚ ਹਿੰਦੋਸਤਾਨ ਦੀ ਫੌਜ ਦੀਆਂ ਹਰਕਤਾਂ ਨਾਲ ਉਥੋਂ ਦੀ ਸਥਿਤੀ ਹੋਰ ਵੀ ਵਿਗੜ ਗਈ ਹੈ।

ਮਣੀਪੁਰ ਵਿੱਚ ਅਤੇ ਸਮੁੱਚੇ ਉੱਤਰ-ਪੂਰਬ ਖਿਤੇ ਵਿੱਚ ਸਮੱਸਿਆ ਰਾਜਨੀਤਕ ਹੈ ਅਤੇ ਉਹਦੇ ਰਾਜਨੀਤਕ ਹੱਲ ਦੀ ਜਰੂਰਤ ਹੈ। ਲੇਕਿਨ ਹਿੰਦੋਸਤਾਨੀ ਰਾਜ ਨੇ ਇਸ ਸੱਚਾਈ ਨੂੰ ਕਦੀ ਵੀ ਕਬੂਲ ਨਹੀਂ ਕੀਤਾ। ਇਸਨੇ ਉੱਤਰ-ਪੂਰਬੀ ਰਾਜਾਂ ਦੀ ਸਮੱਸਿਆ ਨੂੰ "ਕਨੂੰਨ ਅਤੇ ਅਮਨ" ਦੀ ਸਮੱਸਿਆ ਮੰਨ ਕੇ ਉਥੋਂ ਦੇ ਲੋਕਾਂ ਦੇ ਸੰਘਰਸ਼ਾਂ ਅਤੇ ਜਜ਼ਬਾਤਾਂ ਨੂੰ ਕੁਚਲਣ ਦੇ ਲਈ, ਵੱਡੇ ਪੈਮਾਨੇ 'ਤੇ ਰਾਜਕੀਯ ਦਹਿਸ਼ਤ ਫੈਲਾ ਰੱਖੀ ਹੈ।

ਇਹਦੇ ਨਾਲ-ਨਾਲ, ਹਿੰਦੋਸਤਾਨੀ ਰਾਜ ਨੇ ਮਣੀਪੁਰ ਅਤੇ ਉਸ ਪੂਰੇ ਇਲਾਕੇ ਦੇ ਲੋਕਾਂ ਦੀ ਏਕਤਾ ਨੂੰ ਤੋੜਨ ਦੇ ਉਦੇਸ਼ ਨਾਲ, ਕਈ ਤਰ੍ਹਾਂ ਦੇ ਰਾਕਸ਼ੀ ਢੰਗ ਵੀ ਵਰਤੇ ਹਨ, ਤਾਂਕਿ ਲੋਕ ਇੱਕਮੁੱਠ ਹੋ ਕੇ ਆਪਣੇ ਸਾਂਝੇ ਦੁਸ਼ਮਣ ਦੇ ਖਿ਼ਲਾਫ ਸੰਘਰਸ਼ ਨਾ ਕਰ ਸਕਣ। ਇਹਦੇ ਲਈ ਹਿੰਦੋਸਤਾਨੀ ਰਾਜ ਨੇ ਤਰ੍ਹਾਂ-ਤਰ੍ਹਾਂ ਦੇ ਹਥਿਆਰਬੰਦ ਗ੍ਰੋਹ ਬਣਾਏ ਹੋਏ ਹਨ, ਜੋ ਲੋਕਾਂ ਦੇ ਖਿਲਾਫ਼ ਦਹਿਸ਼ਤਗਰਦ ਹਰਕਤਾਂ ਕਰਦੇ ਰਹਿੰਦੇ ਹਨ। ਇਨ੍ਹਾਂ ਗ੍ਰੋਹਾਂ ਨੂੰ ਖੜੇ ਕਰਕੇ ਹਿੰਦੋਸਤਾਨੀ ਰਾਜ ਮਣੀਪੁਰ ਦੇ ਲੋਕਾਂ ਦੇ ਉਸ ਜਾਇਜ਼ ਸੰਘਰਸ਼ ਨੂੰ ਬਦਨਾਮ ਕਰਨਾ ਚਾਹੁੰਦਾ ਹੈ, ਜਿਸਦਾ ਉਦੇਸ਼ ਘ੍ਰਿਣਤ ਅਫਸਪਾ ਨੂੰ ਰੱਦ ਕਰਨਾ ਅਤੇ ਫੌਜੀ ਰਾਜ ਨੂੰ ਖਤਮ ਕਰਨਾ ਹੈ। ਹਿੰਦੋਸਤਾਨੀ ਰਾਜ, ਮਣੀਪੁਰ ਦੇ ਅਤੇ ਸਮੁੱਚੇ ਉੱਤਰ-ਪੂਰਬ ਦੇ ਲੋਕਾਂ ਨੂੰ, ਹਿੰਦੋਸਤਾਨੀ ਬਸਤੀਵਾਦੀ-ਸਾਮਰਾਜਵਾਦੀ ਸ਼ਾਸਨ ਦੇ ਖਿਲਾਫ਼ ਸੰਘਰਸ਼ ਵਿੱਚ ਇੱਕਮੁੱਠ ਹੋਣ ਤੋਂ ਰੋਕਣਾ ਚਾਹੁੰਦਾ ਹੈ। ਮਣੀਪੁਰ ਅਤੇ ਪੂਰੇ ਉੱਤਰ-ਪੂਰਬ ਦੇ ਲੋਕ, ਹਿੰਦੋਸਤਾਨੀ ਸੰਘ ਨੂੰ ਇਹਦੀਆਂ ਸੱਭ ਘਟਕ ਕੌਮਾਂ ਅਤੇ ਲੋਕਾਂ ਦੇ ਇੱਕ ਸਵੈ-ਇੱਛਤ ਸੰਘ ਦੇ ਤੌਰ 'ਤੇ ਪੁਨਰ-ਗਠਿਤ ਕਰਨਾ ਚਾਹੁੰਦੇ ਹਨ, ਜਿਹਦੇ 'ਚ ਹਰੇਕ ਘਟਕ ਦਾ ਆਤਮਨਿਰਨੇ ਦਾ ਹੱਕ ਯਕੀਨੀ ਹੋਵੇਗਾ ਅਤੇ ਲਾਗੂ ਕੀਤਾ ਜਾ ਸਕੇਗਾ, ਜਿਹਦੇ ਅੰਦਰ ਸਭਨਾਂ ਦੇ ਮਨੁੱਖੀ ਅਧਿਕਾਰ ਯਕੀਨੀ ਹੋਣਗੇ।

ਕਈ ਦਹਾਕਿਆਂ ਤਕ ਫੌਜੀ ਰਾਜ ਦੇ ਚਲਦਿਆਂ, ਮਣੀਪੁਰ ਵਿੱਚ ਹਜ਼ਾਰਾਂ ਮਰਦ, ਇਸਤਰੀਆਂ ਅਤੇ ਬੱਚੇ ਰਾਜਕੀਯ ਦਹਿਸ਼ਤਵਾਦ ਦਾ ਸ਼ਿਕਾਰ ਬਣੇ ਹਨ। ਇਹ ਸਪੱਸ਼ਟ ਹੈ ਕਿ ਫੌਜੀ ਰਾਜ ਨੇ, ਉਥੋਂ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਤਾਂ ਦੂਰ, ਸਗੋਂ ਉਨ੍ਹਾਂ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ। ਮਣੀਪੁਰ ਦੇ ਲੋਕ ਵਰਤਮਾਨ ਹਿੰਦੋਸਤਾਨੀ ਸੰਘ ਅੰਦਰ ਖੁਦ ਨੂੰ ਪੂਰੀ ਤਰ੍ਹਾਂ ਬੇਗਾਨੇ ਮਹਿਸੂਸ ਕਰਦੇ ਹਨ।

ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ, ਉੱਤਰ-ਪੂਰਬ ਦੀਆਂ ਸਮੱਸਿਆਵਾਂ ਦੇ ਜਮਹੂਰੀ ਹੱਲ ਵਿੱਚ ਦਿਲਚਸਪੀ ਰੱਖਣ ਵਾਲੀਆਂ ਸੱਭ ਰਾਜਨੀਤਕ ਤਾਕਤਾਂ ਨੂੰ ਸੱਦਾ ਦਿੰਦੀ ਹੈ ਕਿ ਫੌਜ ਵਲੋਂ ਮਿਆਂਮਾਰ ਦੀ ਪ੍ਰਭੁਤਾ ਦੇ ਇਸ ਤਰ੍ਹਾਂ ਵਹਿਸ਼ੀ ਘਾਣ ਲਈ, ਹਿੰਦੋਸਤਾਨੀ ਰਾਜ ਦੀ ਨਿਖੇਧੀ ਕਰਨ 'ਚ ਇੱਕਜੁੱਟ ਹੋਵੋ। ਚੰਦੇਲ ਜਿਲ੍ਹੇ ਵਿੱਚ ਚੱਲ ਰਹੀ ਤਲਾਸ਼ੀ ਮੁਹਿੰਮ ਨੂੰ ਤੁਰੰਤ ਬੰਦ ਕੀਤਾ ਜਾਣਾ ਚਾਹੀਦਾ ਹੈ ਅਤੇ ਅਫਸਪਾ ਨੂੰ ਤੁਰੰਤ ਰੱਦ ਕੀਤਾ ਜਾਣਾ ਚਾਹੀਦਾ ਹੈ। ਮਣੀਪੁਰ ਵਿੱਚੋਂ ਫੌਜੀ ਰਾਜ ਨੂੰ ਖਤਮ ਕਰਨਾ, ਉਥੋਂ ਦੇ ਲੋਕਾਂ ਦੀਆਂ ਸਮੱਸਿਆਵਾਂ ਦੇ ਰਾਜਨੀਤਕ ਹੱਲ ਦੇ ਲਈ ਇੱਕ ਲਾਜ਼ਮੀ ਸ਼ਰਤ ਹੈ। ■

## ਕੌਮੀ ਐਮਰਜੰਸੀ ਦੇ ਐਲਾਨ ਦੀ 40ਵੀਂ ਬਰਸੀ:

# ਜਮਹੂਰੀਅਤ ਅਤੇ ਗਣਰਾਜ ਦਾ ਨਵੀਕਰਣ ਵਕਤ ਦੀ ਮੰਗ ਹੈ

25 ਜੂਨ, 2015 "ਰਾਸ਼ਟਰੀ ਐਮਰਜੰਸੀ" ਦੇ ਐਲਾਨ ਦੀ 40ਵੀਂ ਬਰਸੀ ਹੈ। ਤਤਕਾਲੀਨ ਰਾਸ਼ਟਰਪਤੀ, ਫਖਰੂਦੀਨ ਅਲੀ ਅਹਿਮਦ ਨੇ ਇਸ ਦਿਨ 'ਤੇ ਐਮਰਜੰਸੀ ਦਾ ਐਲਾਨ ਕੀਤਾ ਸੀ। ਇਹ "ਐਮਰਜੰਸੀ" ਕਾਲ 20 ਮਹੀਨਿਆਂ ਤਕ ਜਾਰੀ ਰੱਖਣ ਤੋਂ ਬਾਅਦ ਪਾਰਲੀਮਾਨੀ ਚੋਣਾਂ ਕਰਾਈਆਂ ਗਈਆਂ ਸਨ। ਉਨ੍ਹਾਂ 20 ਮਹੀਨੇ ਹਿੰਦੋਸਤਾਨ ਦੇ ਵੱਡੇ ਸਰਮਾਏਦਾਰਾਂ ਦੀ ਹਕੂਮਤ ਉਤੇ ਪਾਇਆ ਹੋਇਆ ਪਰਦਾ ਚੁੱਕਿਆ ਰੱਖਿਆ ਗਿਆ ਜਿਸ ਨਾਲ ਇਸਦਾ ਪੂਰਨ ਤੌਰ ਤੇ ਫਾਸ਼ੀ, ਮਜ਼ਦੂਰ-ਵਿਰੋਧੀ ਅਤੇ ਲੋਕ ਵਿਰੋਧੀ ਕਿਰਦਾਰ ਨੰਗਾ ਹੋ ਗਿਆ ਸੀ।

ਮਜ਼ਦੂਰ ਜਮਾਤ, ਕਿਸਾਨਾਂ, ਨੌਜਵਾਨਾਂ ਅਤੇ ਵਿਦਿਆਰਥੀਆਂ ਦੇ ਰੋਸ ਮੁਜ਼ਾਹਰਿਆਂ ਅਤੇ ਰੈਲੀਆਂ ਉਪਰ ਰੋਕ ਲਾ ਦਿੱਤੀ ਗਈ ਸੀ। ਯੂਨੀਵਰਸਿਟੀਆਂ ਵਿਚ ਵਿਦਿਆਰਥੀਆਂ ਦੀਆਂ ਜਥੇਬੰਦੀਆਂ ਨੂੰ ਦਬਾਇਆ ਗਿਆ। ਹਰ ਤਰ੍ਹਾਂ ਦੀ ਵਿਰੋਧਤਾ ਨੂੰ ਬੁਰੀ ਤਰ੍ਹਾਂ ਕੁੱਚਲ ਦਿੱਤਾ ਗਿਆ। ਜਮਹੂਰੀ ਹੱਕਾਂ ਅਤੇ ਸ਼ਹਿਰੀ ਅਜ਼ਾਦੀਆਂ ਉਪਰ ਹਮਲੇ ਦੀ ਵਿਰੋਧਤਾ ਕਰਨ ਵਾਲਿਆਂ ਦਹਿ-ਹਜ਼ਾਰਾਂ ਲੋਕਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਗਿਆ। ਹਿੰਦੋਸਤਾਨੀ ਰਾਜ ਅਤੇ ਇਸ ਦੀਆਂ ਏਜੰਸੀਆਂ ਨੇ ਇਨਕਲਾਬੀ ਕਮਿਊਨਿਸਟਾਂ ਦਾ ਬਦੇਸ਼ਾਂ ਤੱਕ ਪਿੱਛਾ ਕੀਤਾ। ਅਨੇਕਾਂ ਨੂੰ ਕਤਲ ਕਰ ਦਿੱਤਾ ਗਿਆ। ਵਿਰੋਧੀ ਸਰਮਾਏਦਾਰ ਪ੍ਰਾਂਤਿਕ ਸਰਕਾਰਾਂ ਨੂੰ ਬਰਖਾਸਤ ਕਰ ਦਿੱਤਾ ਗਿਆ।

"ਟਰੇਨਾਂ ਨੂੰ ਟਾਈਮ ਸਿਰ ਚਲਾਉਣ" ਦੇ ਨਾਮ ਹੇਠ, ਰੇਲਵੇ ਮਜ਼ਦੂਰਾਂ, ਇੰਜਣ ਡਰਾਈਵਰਾਂ, ਗਾਰਡਾਂ ਅਤੇ ਸਟੇਸ਼ਨ ਮਾਸਟਰਾਂ - ਜਿਹੜੇ 1974 ਦੀ ਇਤਿਹਾਸਿਕ ਰੇਲਵੇ ਹੜਤਾਲ ਦੀਆਂ ਮੂਹਰੀਆਂ ਸਫਾਂ ਵਿਚ ਸਨ - ਨੂੰ ਗ੍ਰਿਫਤਾਰ ਕਰਕੇ ਟਾਰਚਰ ਕੀਤਾ ਗਿਆ। ਇੰਦਰਾ ਗਾਂਧੀ ਦੀ ਸਰਕਾਰ ਨੇ "ਪਰਵਾਰ ਨਿਯੋਜਨ" ਦੇ ਨਾਮ ਉੱਤੇ, ਸ਼ਹਿਰਾਂ ਅਤੇ ਪਿੰਡਾਂ ਵਿਚ ਜਬਰਦਸਤੀ ਨਸਬੰਦੀ ਕਰਨ ਦੀ ਵਹਿਸ਼ੀ ਮੁਹਿੰਮ ਚਲਾਈ। ਇਸ ਜਬਰਦਸਤੀ ਨਾਲ ਕੀਤੀ ਨਸਬੰਦੀ ਦਾ ਸ਼ਿਕਾਰ ਜ਼ਿਆਦਾਤਰ ਗਰੀਬ ਲੋਕ ਸਨ, ਜਿਨ੍ਹਾਂ ਉਤੇ "ਜ਼ਿਆਦਾ ਬੱਚੇ ਪੈਦਾ ਕਰਨ" ਦਾ ਇਲਜ਼ਾਮ ਲਾਇਆ ਗਿਆ ਸੀ। ਸਰਕਾਰ ਨੇ "ਸ਼ਹਿਰਾਂ ਨੂੰ ਸਾਫ ਕਰਨ" ਦੇ ਬਹਾਨੇ ਹੇਠ ਝੁੱਗੀ ਵਾਸੀਆਂ ਦੀਆਂ ਬਸਤੀਆਂ ਨੂੰ ਤੋੜਨ, ਸੜਕਾਂ ਉਤੇ ਰੇੜ੍ਹੀ ਲਾ ਕੇ ਸਮਾਨ ਵੇਚਣ ਵਾਲਿਆਂ ਨੂੰ ਹਟਾਉਣ, ਆਦਿ, ਦੀ ਮੁਹਿੰਮ ਚਲਾਈ ਅਤੇ ਇਸ ਤਰ੍ਹਾਂ ਲੱਖਾਂ ਹੀ ਗਰੀਬ ਸ਼ਹਿਰ ਵਾਸੀਆਂ ਦੀ ਰੋਜ਼ੀ ਰੋਟੀ ਉਤੇ ਕਰੂਰ ਹਮਲਾ ਕੀਤਾ ਗਿਆ।

"ਕੌਮੀ ਐਮਰਜੰਸੀ" ਦਾ ਐਲਾਨ ਇਕੱਲੀ ਇੰਦਰਾ ਗਾਂਧੀ ਨੇ ਆਪਣੀ ਮਨ-ਮਰਜ਼ੀ ਨਾਲ ਨਹੀਂ ਕੀਤਾ ਸੀ, ਜਿਵੇਂ ਕਿ ਹਿੰਦੋਸਤਾਨੀ ਰਾਜ ਦੀ ਪਿੱਠ ਪੂਰਨੇ ਵਾਲੇ ਕਹਿੰਦੇ ਹਨ। ਜਦੋਂ ਮਜ਼ਦੂਰ ਜਮਾਤ ਅਤੇ ਮੇਹਨਤਕਸ਼ ਕਿਸਾਨ, ਨੌਜਵਾਨ ਅਤੇ ਵਿਦਿਆਰਥੀ ਆਪਣੇ ਸੰਘਰਸ਼ਾਂ ਰਾਹੀਂ ਦਿਖਾ ਰਹੇ ਸਨ ਕਿ ਉਹ ਆਪਣੀਆਂ ਭੈੜੀਆਂ ਹਾਲਤਾਂ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹਨ, ਜਦੋਂ ਹਾਕਮ ਜਮਾਤ ਦੇ ਅੰਦਰ ਫੁੱਟ ਏਨੀ ਵਧ ਚੁੱਕੀ ਸੀ ਕਿ ਉਹਦੇ ਵਾਸਤੇ ਪੁਰਾਣੇ ਢੰਗ ਨਾਲ ਰਾਜ ਕਰਨਾ ਮੁਸ਼ਕਲ ਹੋ ਗਿਆ ਸੀ, ਉਨ੍ਹਾਂ ਹਾਲਤਾਂ ਵਿਚ ਐਮਰਜੰਸੀ ਲਾਉਣਾ ਹਿੰਦੋਸਤਾਨ ਦੇ ਸੱਭ ਤੋਂ ਵੱਡੇ ਅਜਾਰੇਦਾਰ ਸਰਮਾਏਦਾਰਾਂ ਦੀ ਇੱਕ ਗਿਣੀ-ਮਿਥੀ ਹਰਕਤ ਸੀ। ਉਸ ਸਮੇਂ ਸੱਭ ਤੋਂ ਵੱਡੇ ਸਰਮਾਏਦਾਰਾਂ ਨੇ ਐਮਰਜੰਸੀ ਦੀ ਸ਼ਰ੍ਹੇਆਮ ਹਮਾਇਤ ਕੀਤੀ ਸੀ।

ਉਸ ਵੇਲੇ ਕਮਿਊਨਿਸਟਾਂ ਦੇ ਸਾਹਮਣੇ ਇੱਕ ਵੱਡੀ ਚੁਣੌਤੀ ਇਹ ਸੀ ਕਿ ਇਸ ਘਿਨਾਉਣੀ ਐਮਰਜੰਸੀ ਦੇ ਖਿਲਾਫ ਮਜ਼ਦੂਰ ਜਮਾਤ ਅਤੇ ਮੇਹਨਤਕਸ਼ ਜਨਤਾ ਦੇ ਗੁੱਸੇ ਨੂੰ ਇੱਕ ਧਾਰਾ ਵਿਚ ਪਰੋ ਕੇ ਸਰਮਾਏਦਾਰਾਂ ਦੀ ਹਕੂਮਤ ਦਾ ਤਖਤਾ ਉਲਟਾਉਣ ਅਤੇ ਮਜ਼ਦੂਰਾਂ ਅਤੇ ਕਿਸਾਨਾਂ ਦੀ ਹਕੂਮਤ ਸਥਾਪਤ ਕਰਨ ਵਾਸਤੇ ਜਥੇਬੰਦ ਕੀਤਾ ਜਾਵੇ। ਇਨਕਲਾਬੀ ਕਮਿਊਨਿਸਟਾਂ ਨੇ ਉਸ ਵੇਲੇ ਏਸੇ ਰਾਹ ਦੀ ਹਮਾਇਤ ਕੀਤੀ ਸੀ, ਅਤੇ ਇਨ੍ਹਾਂ ਵਿਚ ਹਿੰਦੋਸਤਾਨੀ ਗ਼ਦਰ ਪਾਰਟੀ (ਬਦੇਸ਼ਾਂ ਵਿਚ ਵਸਦੇ ਹਿੰਦੋਸਤਾਨੀ ਮਾਰਕਸਵਾਦੀਆਂ-ਲੈਨਿਨਵਾਦੀਆਂ ਦੀ ਜਥੇਬੰਦੀ) ਦੇ ਇਨਕਲਾਬੀ ਵੀ ਸ਼ਾਮਲ ਸਨ।

ਉਸ ਵੇਲੇ ਕਮਿਊਨਿਸਟ ਲਹਿਰ ਬਹੁਤ ਸਾਰੇ ਟੁਕੜਿਆਂ ਵਿਚ ਵੰਡੀ ਹੋਈ ਸੀ। ਕਮਿਊਨਿਸਟਾਂ ਦੇ ਇੱਕ ਹਿੱਸੇ ਨੇ "ਸੱਜੇ ਪਿਛਾਖੜ ਨੂੰ ਹਰਾਉਣ" ਦੇ ਨਾਮ ਹੇਠ "ਨੈਸ਼ਨਲ ਐਮਰਜੰਸੀ" ਨੂੰ ਜਾਇਜ਼ ਠਹਿਰਾਇਆ ਸੀ। ਇੱਕ ਹੋਰ ਹਿੱਸਾ ਇਹ ਪ੍ਰਚਾਰ ਕਰ ਰਿਹਾ ਸੀ ਕਿ ਕਮਿਊਨਿਸਟਾਂ ਦਾ ਫੌਰੀ ਕੰਮ "ਜਮਹੂਰੀਅਤ ਦੀ ਬਹਾਲੀ" ਹੈ। ਉਸ ਤੋਂ ਬਾਅਦ ਸੰਵਿਧਾਨ ਵਿਚ ਸੋਧ ਕੀਤੀ ਗਈ ਸੀ, ਜਿਸਦਾ ਅਖੌਤੀ ਉਦੇਸ਼ ਇਹ ਯਕੀਨੀ ਬਣਾਉਣਾ ਸੀ ਕਿ ਆਉਣ ਵਾਲੀਆਂ ਸਰਕਾਰਾਂ 1975-77 ਦੀਆਂ ਘਟਨਾਵਾਂ ਨੂੰ ਮੁੜ ਕੇ ਨਾ ਦੁਹਰਾ ਸਕਣ।

ਅਹਿਮ ਸਵਾਲ ਕਿਸੇ ਕਮਿਊਨਿਸਟ ਪਾਰਟੀ ਜਾਂ ਗਰੁੱਪ ਉੱਤੇ 1975-77 ਵਿਚ ਸਰਮਾਏਦਾਰੀ ਵਲੋਂ ਲਾਈ ਐਮਰਜੰਸੀ ਬਾਰੇ ਉਨ੍ਹਾਂ ਦੇ ਸਟੈਂਡ ਵਾਸਤੇ ਜਾਂ ਜਿਹੜੀ ਸਰਮਾਏਦਾਰੀ ਨੇ ਇਹ ਐਮਰਜੰਸੀ ਲਾਈ ਸੀ ਉਹਦੇ ਵਲੋਂ ਕੀਤੀ ਗਈ "ਜਮਹੂਰੀਅਤ ਨੂੰ ਬਹਾਲੀ" ਦੀ ਹਮਾਇਤ ਕਰਨ ਵਾਸਤੇ ਇਲਜ਼ਾਮ ਲਾਉਣ ਦਾ ਨਹੀਂ।

ਸ਼ੱਭ ਤੋਂ ਵੱਧ ਅਹਿਮਅਤ ਇਸ ਗੱਲ ਦੀ ਹੈ ਕਿ ਕਮਿਊਨਿਸਟਾਂ ਵਲੋਂ ਅੱਜ, ਮੌਜੂਦਾ ਹਿੰਦੋਸਤਾਨੀ ਜਮਹੂਰੀਅਤ ਅਤੇ ਗਣਤੰਤਰ ਬਾਰੇ ਕੀ ਰਵੱਈਆ ਅਪਣਾਇਆ ਜਾ ਹੈ। ਇਸ ਪੂਰੇ ਦੌਰ ਵਿਚ ਇਸ ਜਮਹੂਰੀਅਤ ਅਤੇ ਗਣਤੰਤਰ ਸਬੰਧੀ ਸਾਡੇ ਲੋਕਾਂ ਦਾ ਕੀ ਤਜਰਬਾ ਹੈ?

ਮਜ਼ਦੂਰ ਜਮਾਤ ਅਤੇ ਮੇਹਨਤਕਸ਼ ਜਨਤਾ ਉਤੇ ਸਰਮਾਏਦਾਰਾਂ ਦੀ ਤਾਨਾਸ਼ਾਹੀ ਦੀ ਰਖਵਾਲੀ ਕਰਨ ਲਈ ਚੋਣਾਂ ਦੇ ਨਾਟਕ ਰਾਹੀਂ ਉਨ੍ਹਾਂ ਨੂੰ ਬੁੱਧੂ ਬਣਉਣਾ ਅਤੇ ਹਕੂਮਤ ਗੋਲੀ ਨਾਲ ਕਰਨੀ, ਇਹ ਸਰਮਾਏਦਾਰਾਂ ਦਾ ਮਨ-ਪਸੰਦ ਤਰੀਕਾ ਬਣ ਗਿਆ ਹੈ। ਪੰਜਾਬ, ਅਸਾਮ ਅਤੇ ਜੰਮੂ-ਕਸ਼ਮੀਰ ਵਿਚ ਜਦੋਂ ਵੀ ਇਨ੍ਹਾਂ ਸੂਬਿਆਂ ਵਿਚ ਜਨਤਕ ਵਿਰੋਧ ਦੇ ਕਾਰਨ "ਚੁਣੀ ਹੋਈ ਸਰਕਾਰ" ਸਥਾਪਤ ਕਰਨਾ ਮੁਸ਼ਕਲ ਹੋਇਆ, ਉਦੋਂ ਲੰਬੇ ਵਖਫਿਆਂ ਵਾਸਤੇ ਰਾਸ਼ਟਰਪਤੀ ਰਾਜ ਠੋਸਿਆ ਜਾਂਦਾ ਰਿਹਾ ਹੈ। ਸਾਡੇ ਦੇਸ਼ ਦੇ ਕਈ ਇੱਕ ਸੂਬੇ ਦਹਾਕਿਆਂ-ਬੱਧੀ ਫੌਜ ਦੇ ਜੈਕਬੂਟਾਂ ਹੇਠ ਰਹੇ ਹਨ, ਅਤੇ ਫੌਜ ਵਲੋਂ ਲੋਕਾਂ ਦੇ ਖਿਲਾਫ ਵਹਿਸ਼ੀ ਜ਼ੁਲਮ ਨੂੰ ਏ.ਐਫ.ਐਸ.ਪੀ.ਏ. (ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ) ਹੇਠ ਜਾਇਜ਼ ਕਰਾਰ ਦਿੱਤਾ ਜਾਂਦਾ ਰਿਹਾ ਹੈ। ਹਾਕਮ ਜਮਾਤ, ਇਨ੍ਹਾਂ ਸੂਬਿਆਂ ਵਿਚ ਨੇਮ ਨਾਲ ਚੋਣਾਂ ਦਾ ਢੌਂਗ ਕਰਵਾ ਕੇ ਇਸ ਜਾਂ ਉਸ ਪਾਰਟੀ ਨੂੰ ਤਾਕਤ ਵਿਚ ਲਿਆਉਂਦੀ ਰਹੀ ਹੈ, ਭਾਵੇਂ ਅਸਲੀ ਤਾਕਤ ਤਾਂ ਸਿੱਧੇ ਤੌਰ ਉਤੇ ਫੌਜ ਦੇ ਹੱਥ ਹੀ ਹੁੰਦੀ ਸੀ।

ਸਾਡੇ ਲੋਕਾਂ ਵਲੋਂ ਆਪਣੇ ਹੱਕ ਪ੍ਰਾਪਤ ਕਰਨ ਵਾਸਤੇ ਕੋਸ਼ਿਸ਼ਾਂ ਦਾ ਸਰਕਾਰੀ ਜਵਾਬ ਰਾਜ ਵਲੋਂ ਜਥੇਬੰਦ ਫਿਰਕੂ ਕਤਲੇਆਮ ਅਤੇ ਰਾਜਕੀ ਅੱਤਵਾਦ ਰਿਹਾ ਹੈ। ਜੂਨ 1984 ਵਿਚ ਹਰਿਮੰਦਰ ਸਾਹਿਬ ਉਪਰ ਫੌਜੀ ਹਮਲਾ, ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਦਾ ਕਤਲੇਆਮ ਅਤੇ ਉਸ ਤੋਂ ਬਾਅਦ ਬਾਬਰੀ ਮਸਜਿਦ ਨੂੰ ਢਾਉਣ ਉਪਰੰਤ 1992-93 ਵਿਚ ਰਾਜ ਵਲੋਂ ਜਥੇਬੰਦ ਕੀਤਾ ਗਿਆ ਕਤਲੇਆਮ, 2002 ਵਿਚ ਗੁਜਰਾਤ ਵਿਚ ਨਸਲਕੁਸ਼ੀ, 1980ਵਿਆਂ ਵਿਚ ਪੰਜਾਬ, ਅਸਾਮ ਅਤੇ ਮਨੀਪੁਰ ਨੂੰ ਕਤਲਗਾਹਾਂ ਬਣਾ ਦਿੱਤਾ ਗਿਆ - ਇਹ ਸੂਚੀ ਬਹੁਤ ਹੀ ਲੰਬੀ ਹੈ। ਲੋਕਾਂ ਨੂੰ ਉਨ੍ਹਾਂ ਦੇ ਵਿਚਾਰਾਂ ਵਾਸਤੇ ਲਗਾਤਾਰ ਟਾਰਚਰ ਕੀਤਾ ਜਾਂਦਾ ਹੈ, ਜੇਲ੍ਹਾਂ ਵਿਚ ਸੁੱਟ ਦਿੱਤਾ ਜਾਂਦਾ ਹੈ ਅਤੇ ਕਤਲ ਤਕ ਵੀ ਕਰ ਦਿੱਤਾ ਜਾਂਦਾ ਹੈ। ਐਮਰਜੰਸੀ ਦੌਰ ਦੇ ਕਨੂੰਨ ਮੀਸਾ ਤੋਂ ਬਾਅਦ ਐਸਮਾ, ਐਨ.ਐਸ.ਏ., ਟਾਡਾ, ਪੋਟਾ ਅਤੇ ਹੁਣ ਯੂ.ਏ.ਪੀ.ਏ. ਆਦਿ ਅਨੇਕਾਂ ਫਾਸ਼ੀਵਾਦੀ ਕਨੂੰਨ ਬਣਾਏ ਗਏ ਹਨ। ਇਨ੍ਹਾਂ ਅਤੇ ਹੋਰ ਕਨੂੰਨਾਂ ਹੇਠ ਦਹਿ-ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੂੰ ਉਨ੍ਹਾਂ ਦੇ ਸਿਆਸੀ ਵਿਚਾਰਾਂ ਵਾਸਤੇ ਜੇਲ੍ਹਾਂ ਵਿੱਚ ਸੁੱਟਿਆ ਗਿਆ ਹੈ।

ਮੌਜੂਦਾ ਢਾਂਚੇ ਦੀ ਵਿਰੋਧੀਆਂ ਉਪਰ ਆਮ ਹੀ "ਅੱਤਵਾਦੀ", "ਦਹਿਸ਼ਤਵਾਦੀ", "ਰੂੜ੍ਹੀਵਾਦੀ", "ਵੱਖਵਾਦੀ", "ਮਾਓਵਾਦੀ", "ਪਾਕਿਸਤਾਨੀ ਏਜੰਟ", "ਰਾਸ਼ਟਰੀ ਏਕਤਾ ਅਤੇ ਇਲਾਕਾਈ ਅਖੰਡਤਾ ਦੇ ਦੁਸ਼ਮਣ" ਦੇ ਹੋਣ ਦੇ ਠੱਪੇ ਲਾ ਕੇ ਉਨ੍ਹਾਂ ਉਪਰ ਅਤਿਆਚਾਰ ਨੂੰ ਜਾਇਜ਼ ਕਰਾਰ ਦਿੱਤਾ ਜਾਂਦਾ ਹੈ।

ਜਦ ਕਿ ਮਜ਼ਦੂਰਾਂ, ਕਿਸਾਨਾਂ ਅਤੇ ਇਨਕਲਾਬੀ ਬੁੱਧੀਜੀਵੀਆਂ ਦੇ ਸੰਘਰਸ਼ਾਂ ਨੂੰ ਗੋਲੀ ਸਿਕੇ ਨਾਲ ਕੁਚਲਿਆ ਜਾਂਦਾ ਹੈ, ਪਰ ਸਰਮਾਏਦਾਰੀ ਆਪਣਾ ਅਜੰਡਾ ਲਾਗੂ ਕਰਵਾਉਣ ਵਾਸਤੇ ਚੋਣਾਂ ਦਾ ਢੌਂਗ ਵੀ ਰਚਾਉਂਦੀ ਰਹਿੰਦੀ ਹੈ ਅਤੇ ਆਪਣੀ ਜ਼ਰੂਰਤ ਅਨੁਸਾਰ ਇੱਕ ਪਾਰਟੀ ਦੀ ਜਗ੍ਹਾ ਦੂਸਰੀ ਪਾਰਟੀ ਨੂੰ ਸੱਤਾ ਵਿਚ ਲਿਆਉਂਦੀ ਹੈ।

ਇਹ ਜਮਹੂਰੀਅਤ ਲੋਕਾਂ ਦੀ ਨਹੀਂ ਲੋਟੂਆਂ ਦੀ ਹੈ। ਇਹ ਮਜ਼ਦੂਰਾਂ ਅਤੇ ਕਿਸਾਨਾਂ, ਆਦੀਵਾਸੀ ਲੋਕਾਂ, ਅਤੇ ਦੱਬੀਆਂ-ਕੁਚਲੀਆਂ ਕੌਮਾਂ ਦੇ ਲੋਕਾਂ ਦੀ ਵੱਡੀ ਗਿਣਤੀ ਉਪਰ ਵਹਿਸ਼ੀ ਤਾਨਾਸ਼ਾਹੀ ਹੈ। ਇਹ ਇੱਕ ਅਜੇਹੀ ਜਮਹੂਰੀਅਤ ਹੈ, ਜਿਹੜੀ ਇਹ ਯਕੀਨੀ ਬਣਾਉਂਦੀ ਹੈ ਕਿ ਲੋਕਾਂ ਦੀ ਵਿਸ਼ਾਲ ਬਹੁਗਿਣਤੀ ਸੱਤਾਹੀਣ ਰਹੇ। ਇਹ ਅਜੇਹੀ ਗਣਤੰਤਰ ਹੈ ਜਿਹੜੀ ਕੌਮਾਂ, ਕੌਮੀਅਤਾਂ ਅਤੇ ਆਦੀਵਾਸੀ ਲੋਕਾਂ ਦੀ ਵੱਖਰੀ ਹੋਂਦ ਨੂੰ ਨਕਾਰਦੀ ਹੈ।

"ਨੈਸ਼ਨਲ ਐਮਰਜੰਸੀ" ਦੁਰਾਨ ਸੰਵਿਧਾਨ ਦੇ ਮੁੱਖਬੰਦ ਵਿਚ "ਧਰਮ-ਨਿਰਪੇਖਤਾ" ਅਤੇ "ਸਮਾਜਵਾਦੀ" ਨਾਮਕ ਸ਼ਬਦ ਜੋੜੇ ਗਏ ਸਨ। ਇਹ ਸ਼ਬਦ ਦੇ ਮੁੱਖਬੰਦ ਵਿਚ ਅਜੇ ਵੀ ਮੌਜੂਦ ਹਨ, ਭਾਵੇਂ ਕਿ ਅੱਤ ਦੇ ਜਾਂਗਲੀ ਫਿਰਕੂ ਕਤਲੇਆਮ ਜਥੇਬੰਦ ਕੀਤੇ ਗਏ ਹਨ, ਜਿਨ੍ਹਾਂ ਵਿਚ ਵੱਖ-ਵੱਖ ਧਾਰਮਿਕ ਫਿਰਕਿਆਂ ਨੂੰ ਨਿਸ਼ਾਨਾਂ ਬਣਾਇਆ ਗਿਆ ਹੈ ਅਤੇ ਹਿੰਦੋਸਤਾਨ ਦੀ ਵੱਡੀ ਸਰਮਾਏਦਾਰੀ ਦੇ ਸਾਮਰਾਜਵਾਦੀ ਮਨਸੂਬਿਆਂ ਦੇ ਹਿੱਤ ਵਿਚ ਮਜ਼ਦੂਰਾਂ ਅਤੇ ਕਿਸਾਨਾਂ ਦੇ ਹੱਕਾਂ ਉੱਤੇ ਵੱਡੇ ਪੈਮਾਨੇ ਉੱਤੇ ਹਮਲੇ ਹੁੰਦੇ ਆ ਰਹੇ ਹਨ। ਨੈਸ਼ਨਲ ਐਮਰਜੰਸੀ ਦੁਰਾਨ ਹੀ, "ਕੌਮੀ ਏਕਤਾ ਅਤੇ ਇਲਾਕਾਈ ਅਖੰਡਤਾ" ਸ਼ਬਦ ਵੀ ਸੰਵਿਧਾਨ ਵਿਚ ਸ਼ਾਮਲ ਕੀਤੇ ਗਏ ਸਨ ਤਾਂ ਕਿ ਹਿੰਦੋਸਤਾਨ ਵਿਚ ਵੱਖ-ਵੱਖ ਕੌਮਾਂ ਅਤੇ ਲੋਕਾਂ ਉੱਤੇ ਜਬਰ ਨੂੰ ਜਾਇਜ਼ ਠਹਿਰਾਇਆ ਜਾ ਸਕੇ। ਠੀਕ ਉਸੇ ਤਰ੍ਹਾਂ ਜਿਵੇਂ ਹਿੰਦੋਸਤਾਨ ਦਾ ਸੰਵਿਧਾਨ ਘੜਨ ਵੇਲੇ ਲੋਕਾਂ ਦੀ ਕੋਈ ਸਲਾਹ ਨਹੀਂ ਸੀ ਲਈ ਗਈ, ਉਸੇ ਤਰ੍ਹਾਂ ਹਿੰਦੋਸਤਾਨ ਨੂੰ ਇੱਕ "ਧਰਮ-ਨਿਰਪੇਖ, ਸਮਾਜਵਾਦੀ ਅਤੇ ਜਮਹੂਰੀ ਗਣਰਾਜ" ਐਲਾਨ ਕਰਕੇ ਵੱਡੇ ਸਰਮਾਏਦਾਰਾਂ ਨੇ ਨੈਸ਼ਨਲ ਐਮਰਜੰਸੀ ਦੁਰਾਨ ਹਿੰਦੋਸਤਾਨੀ ਲੋਕਾਂ ਨੂੰ ਸਰਕਾਰ ਦੀ ਅਫਸਰਸ਼ਾਹੀ ਹੇਠ ਕੁਚਲਿਆ ਸੀ।

ਪਿਛਲੇ 40 ਸਾਲਾਂ ਦੇ ਸਬਕ ਬੜੇ ਸਪੱਸ਼ਟ ਹਨ। ਐਮਰਜੰਸੀ ਭਾਵੇਂ ਚੁੱਕ ਦਿੱਤੀ ਗਈ ਹੈ, ਇੱਕ ਚੁਣੀ ਹੋਈ ਸਰਕਾਰ ਸੱਤਾ ਵਿਚ ਹੈ, ਪਰ ਇਹਦੇ ਪਿੱਛੇ ਸੱਭ ਤੋਂ ਵੱਡੇ ਅਜਾਰੇਦਾਰਾਂ ਦੀ ਤਾਨਾਸ਼ਾਹੀ ਕੰਮ ਕਰ ਰਹੀ ਹੈ। ਇਸ ਜਮਹੂਰੀਅਤ ਦਾ ਸਿਆਸੀ ਢਾਂਚਾ ਅਤੇ ਪ੍ਰੀਕ੍ਰਿਆ ਇਹ ਯਕੀਨੀ ਬਣਾਉਂਦੇ ਹਨ ਕਿ ਵੱਡੀਆਂ ਅਜਾਰੇਦਾਰ ਕੰਪਨੀਆਂ ਇਹ ਫੈਸਲਾ ਕਰ ਸਕਣ ਕਿ ਆਪਣਾ ਅਜੰਡਾ ਲਾਗੂ ਕਰਵਾਉਣ ਲਈ ਉਹ ਕਿਹੜੀ ਪਾਰਟੀ ਜਾਂ ਗਠਜੋੜ ਨੂੰ ਸੱਤਾ ਵਿਚ ਲਿਆਉਣ ਅਤੇ ਇਸ ਨੂੰ ਲਾਗੂ ਕਰਨਾ ਜਾਇਜ਼ ਠਹਿਰਾਉਣ ਵਾਸਤੇ ਚੋਣਾਂ ਕਰਾਉਣ। ਮਜ਼ਦੂਰ ਜਮਾਤ ਅਤੇ ਕਿਸਾਨੀ ਨੂੰ ਸਿਆਸੀ ਤਾਕਤ ਦੇ ਹਾਸ਼ੀਏ ਤੋਂ ਬਾਹਰ ਰੱਖਿਆ ਜਾਂਦਾ ਹੈ। ਪਾਰਲੀਮੈਂਟ ਲੋਕਾਂ ਨੂੰ ਬੁੱਧੂ ਬਣਾਉਣ ਵਾਸਤੇ ਬਜ਼ਾਰੂ ਗੱਲਾਂ ਕਰਨ ਦਾ ਇੱਕ ਥੜ੍ਹਾ ਹੈ। ਸਰਮਾਏਦਾਰੀ ਦੇ ਪ੍ਰੋਗਰਾਮ ਨੂੰ ਕਾਰਜਕਾਰਨੀ ਲਾਗੂ ਕਰਦੀ ਹੈ। ਉਹ ਮੇਹਨਤਕਸ਼ ਅਤੇ ਦੱਬੇ-ਕੁਚਲੇ ਲੋਕਾਂ ਦੀਆਂ ਖਾਹਿਸ਼ਾਂ ਨੂੰ ਕੁਚਲ ਕੇ ਰੱਖ ਦਿੰਦੀ ਹੈ। ਪਾਰਲੀਮਾਨੀ ਜਮਹੂਰੀਅਤ ਸਰਮਾਏਦਾਰੀ ਦੀ ਹਕੂਮਤ ਦਾ ਇੱਕ ਬਾਹਰਲਾ ਖੋਲ ਹੈ, ਜਿਸ ਦੇ ਅੰਦਰ ਹਿੰਦੋਸਤਾਨੀ ਸੰਘ ਵਿਚ ਵਸਦੀਆਂ ਕੌਮਾਂ ਅਤੇ ਲੋਕਾਂ ਦੇ ਹੱਕਾਂ ਅਤੇ ਲੋਕਾਂ ਦੇ ਮਨੁੱਖੀ ਅਤੇ ਜਮਹੂਰੀ ਅਧਿਕਾਰਾਂ ਦਾ ਵਹਿਸ਼ੀ ਢੰਗ ਨਾਲ ਕਚੂਮਰ ਕੱਢਿਆ ਜਾਂਦਾ ਹੈ।

ਹਿੰਦੋਸਤਾਨੀ ਗਣਤੰਤਰ ਨੂੰ ਕੌਮਾਂ ਅਤੇ ਲੋਕਾਂ ਦੇ ਸਵੈ-ਇੱਛਤ ਸੰਘ ਦੇ ਤੌਰ ਉੱਤੇ ਪੁਰਨਗਠਨ ਕੀਤੇ ਜਾਣ ਦੀ ਜ਼ਰੂਰਤ ਹੈ। ਇੱਕ ਅਜੇਹਾ ਸੰਘ ਜਿਸਦੇ ਅੰਦਰ ਮਨੁੱਖੀ, ਜਮਹੂਰੀ ਅਤੇ ਕੌਮੀ ਹੱਕਾਂ ਦੀ ਗਰੰਟੀ ਹੋਵੇ ਅਤੇ ਇਨ੍ਹਾਂ ਨੂੰ ਯਕੀਨੀ ਬਣਾਉਣ ਦੇ ਜੁਗਾੜ ਮੌਜੂਦ ਹੋਣ। ਇਹ ਬਹੁਤ ਜ਼ਰੂਰੀ ਹੈ ਕਿ ਮਜ਼ਦੂਰ ਜਮਾਤ ਇੱਕ ਨਵਾਂ ਸੰਵਿਧਾਨ ਘੜਨ ਵਿਚ ਲੋਕਾਂ ਦੀ ਅਗਵਾਈ ਕਰੇ, ਜਿਹੜਾ ਸੰਵਿਧਾਨ ਇੱਕ ਨਵੇਂ ਗਣਤੰਤਰ ਦਾ ਬੁਨਿਆਦੀ ਕਨੂੰਨ ਹੋਵੇ। ਮੌਜੂਦਾ ਸਿਆਸੀ ਢਾਂਚੇ ਅਤੇ ਪ੍ਰੀਕ੍ਰਿਆ ਦੀ ਜਗ੍ਹਾ ਇੱਕ ਨਵਾਂ ਢਾਂਚਾ ਅਤੇ ਪ੍ਰੀਕ੍ਰਿਆ ਸਥਾਪਤ ਕਰਨ ਦੀ ਜ਼ਰੂਰਤ ਹੈ ਜਿਸ ਦੇ ਅੰਦਰ ਲੋਕ ਹੁਕਮਰਾਨ ਹੋਣ ਅਤੇ ਪ੍ਰਸ਼ਾਸਨ ਚਲਾਉਣ। ਇਹਦੇ ਲਈ ਕਾਰਜਕਾਰਨੀ ਦਾ ਵਿਧਾਨਕੀ ਦੇ ਅਧੀਨ ਅਤੇ ਵਿਧਾਨਕੀ ਦਾ ਮੱਤਦਾਤਾਵਾਂ ਦੇ ਅਧੀਨ ਹੋਣਾ ਜ਼ਰੂਰੀ ਹੈ। ਆਪਣੇ ਪ੍ਰਤੀਨਿਧਾਂ ਦੀ ਛਾਂਟੀ ਅਤੇ ਇਨ੍ਹਾਂ ਦੀ ਚੋਣ ਕਰਨ ਦਾ ਹੱਕ ਕੇਵਲ ਲੋਕਾਂ ਨੂੰ ਹੋਣਾ ਚਾਹੀਦਾ ਹੈ, ਅਤੇ ਨਾਲ ਹੀ, ਉਨ੍ਹਾਂ ਨੂੰ ਵਾਪਸ ਬੁਲਾਉਣ ਅਤੇ ਕਨੂੰਨ ਸੁਝਾਉਣ ਦਾ ਹੱਕ ਵੀ। ਨਵੇਂ ਢਾਂਚੇ ਦੇ ਅੰਦਰ ਸਿਆਸੀ ਪਾਰਟੀਆਂ ਦਾ ਰੋਲ ਹਾਕਮਾਂ ਜਾਣੀ ਲੋਕਾਂ ਨੂੰ ਆਪਣੇ ਹੱਕਾਂ ਵਾਸਤੇ ਜਥੇਬੰਦ ਕਰਨਾ ਅਤੇ ਉਨ੍ਹਾਂ ਨੂੰ ਫੈਸਲੇ ਲੈਣ ਦੇ ਸਮਰੱਥ ਬਣਾਉਣਾ ਹੋਣਾ ਚਾਹੀਦਾ ਹੈ।

ਆਪਣੇ ਮਨੁੱਖੀ, ਜਮਹੂਰੀ ਅਤੇ ਕੌਮੀ ਅਧਿਕਾਰਾਂ ਵਾਸਤੇ ਲੜਨ ਵਾਲਿਆਂ ਨੂੰ, ਉਹ ਸੱਭ ਜਿਹੜੇ ਇਹ ਚਾਹੁੰਦੇ ਹਨ ਕਿ ਅਸਲੀ ਮਾਅਨਿਆਂ ਵਿਚ ਫੈਸਲੇ ਕਰਨ ਦਾ ਹੱਕ ਕੇਵਲ ਲੋਕਾਂ ਨੂੰ ਹੀ ਹੋਵੇ, ਉਨ੍ਹਾਂ ਸਭਨਾਂ ਨੂੰ ਹਿੰਦੋਸਤਾਨੀ ਸੰਘ ਅਤੇ ਜਮਹੂਰੀਅਤ ਦੇ ਨਵੀਕਰਣ ਦੇ ਪ੍ਰੋਗਾਰਾਮ ਗਿਰਦ ਇੱਕਮੁੱਠ ਹੋਣਾ ਚਾਹੀਦਾ ਹੈ। ਹਿੰਦੋਸਤਾਨ ਵਿਚ ਇਹ ਲਹਿਰ ਉਠ ਚੁੱਕੀ ਹੈ ਅਤੇ ਇਸ ਲਹਿਰ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਹੈ। ਵਕਤ ਦੀ ਪੁਕਾਰ ਹੈ ਕਿ ਕਮਿਊਨਿਸਟਾਂ ਨੂੰ ਮੌਜੂਦਾ ਹਿੰਦੋਸਤਾਨੀ ਰਾਜ ਅਤੇ ਇਸਦੀ ਜਮਹੂਰੀਅਤ ਬਾਰੇ ਭੁਲੇਖੇ ਖੜ੍ਹੇ ਕਰਨ ਦੀ ਬਜਾਏ, ਲੋਕਾਂ ਨੂੰ ਸਮਰੱਥ ਬਣਾਉਣ ਦੀ ਲਹਿਰ - ਜਮਹੂਰੀਅਤ ਅਤੇ ਹਿੰਦੋਸਤਾਨੀ ਸੰਘ ਦੇ ਨਵੀਕਰਣ ਦੇ ਸੰਘਰਸ਼ ਦੀ ਲਹਿਰ - ਦੀਆਂ ਮੂਹਰਲੀਆਂ ਸਫਾਂ ਵਿਚ ਖੜ੍ਹੇ ਹੋਣਾ ਚਾਹੀਦਾ ਹੈ। ■

## ਰਾਜਗ ਸਰਕਾਰ ਦਾ ਇੱਕ ਸਾਲ...

ਸਫਾ 1 ਦੀ ਬਾਕੀ

ਹੱਲ ਹੋ ਜਾਵੇਗਾ। ਇਸੇ ਤਰ੍ਹਾਂ ਪੁਰਾਣੇ ਲੇਬਰ ਕਨੂੰਨਾਂ ਨੂੰ ਚੰਗੇ ਬਣਾਉਣ ਅਤੇ ਨਵੇਂ ਆਧੁਨਿਕ ਕਨੂੰਨ ਬਣਾਉਣ ਦੀ ਲੋੜ ਦੀ ਦਲੀਲ ਦੇ ਕੇ ਲੇਬਰ ਕਨੂੰਨਾਂ ਵਿਚ ਮਜ਼ਦੂਰ ਜਮਾਤ ਵਿਰੋਧੀ ਸੋਧਾਂ ਨੂੰ ਜਾਇਜ਼ ਠਹਿਰਾਇਆ ਗਿਆ ਹੈ।

ਹਿੰਦੋਸਤਾਨ ਦੇ ਵੱਡੇ ਅਜਾਰੇਦਾਰ ਸਰਮਾਏਦਾਰਾਂ ਦੇ ਮੁਖੀਆਂ ਨੇ ਮੋਦੀ ਅਤੇ ਉਸਦੀ ਸਰਕਾਰ ਨੂੰ 70-80% ਨੰਬਰ ਦਿੱਤੇ ਹਨ ਅਤੇ ਨਾਲ ਹੀ ਇਹ ਮੰਗ ਵੀ ਕਰ ਰਹੇ ਹਨ ਕਿ ਸੁਧਾਰ ਕਰਨ ਦੀ ਪ੍ਰੀਕ੍ਰਿਆ ਨੂੰ ਤੇਜ਼ ਕੀਤਾ ਜਾਵੇ। ਉਹ ਮੰਗ ਕਰ ਰਹੇ ਕਿ ਜ਼ਮੀਨ ਹੜੱਪਣ ਦਾ ਐਕਟ ਅਤੇ ਜੀ.ਐਸ.ਟੀ. ਐਕਟ, ਜਿਨ੍ਹਾਂ ਨੂੰ ਪਾਰਲੀਮਾਨੀ ਕਮੇਟੀਆਂ ਦੇ ਹਵਾਲੇ ਕੀਤਾ ਗਿਆ ਹੈ, ਨੂੰ ਜਲਦੀ ਪਾਸ ਕੀਤਾ ਜਾਵੇ ਅਤੇ ਤਾਂ ਕਿ ਹਿੰਦੋਸਤਾਨ ਵਿਚ ਵਪਾਰ ਕਰਨਾ ਹੋਰ "ਸੌਖਾ" ਬਣ ਜਾਵੇ।

ਇੱਕ ਸਾਲ ਪਹਿਲਾਂ ਕਾਂਗਰਸ ਦੀ ਅਗਵਾਈ ਵਾਲੀ ਸੰਪਰਗ ਸਰਕਾਰ ਦਾ ਪਰਦਾ ਪੂਰੀ ਤਰ੍ਹਾਂ ਫਾਸ਼ ਹੋ ਚੁੱਕਾ ਸੀ ਕਿ ਇਹ ਸਰਕਾਰ ਸਰਮਾਏਦਾਰਾਂ ਦੀ ਸਰਕਾਰ ਹੈ, ਜੋ ਲੋਕ ਪੱਖੀ ਹੋਣ ਦਾ ਢੌਂਗ ਕਰ ਰਹੀ ਹੈ। ਉਹਦੇ ਲਈ ਪਹਿਲਾਂ ਵਾਂਗੂੰ ਲੋਕਾਂ ਨੂੰ ਬੁੱਧੂ ਬਣਾਉਣਾ ਨਾਮੁਮਕਿਨ ਹੋ ਗਿਆ ਸੀ। ਸਰਮਾਏਦਾਰੀ ਵੀ ਬੇਸਬਰ ਸੀ ਕਿ ਸਰਮਾਏਦਾਰ-ਪੱਖੀ ਸੁਧਾਰ ਤੇਜ਼ੀ ਨਾਲ ਨਹੀਂ ਹੋ ਰਹੇ, ਅਤੇ ਇਸ ਲਈ ਉਨ੍ਹਾਂ ਨੇ ਮੋਦੀ ਦੀ ਅਗਵਾਈ ਵਿਚ ਭਾਜਪਾ ਨੂੰ ਗੱਦੀ 'ਤੇ ਬਿਠਾ ਦਿੱਤਾ ਤਾਂ ਕਿ ਸੁਧਾਰ ਕਰਨ ਦੀ ਰਫਤਾਰ ਤੇਜ਼ ਕੀਤੀ ਜਾ ਸਕੇ।

ਉਸ ਵੇਲੇ ਨਵੀਂ ਸਰਕਾਰ ਦੀ ਬੱਲੇ-ਬੱਲੇ ਕਰਨਾ ਸਰਮਾਏਦਾਰਾਂ ਦੇ ਹਿੱਤ ਵਿਚ ਸੀ, ਕਿਉਂਕਿ ਉਨ੍ਹਾਂ ਨੂੰ ਇਸ ਢਾਂਚੇ ਦੀ ਸਾਖ਼ ਕਾਇਮ ਰੱਖਣ ਵਾਸਤੇ ਇਸ ਬਾਰੇ ਭੁਲੇਖੇ ਖੜੇ ਰੱਖਣ ਦੀ ਜ਼ਰੂਰਤ ਸੀ। ਮੋਦੀ ਨੂੰ ਇੱਕ "ਜਾਦੂ ਵਾਲੇ ਆਦਮੀ" ਦੇ ਤੌਰ ਤੇ ਉੱਚਾ ਚੁੱਕਿਆ ਗਿਆ, ਜਿਹੜਾ ਅਜੇਹੀ ਸਰਕਾਰ ਨੂੰ ਅਗਵਾਈ ਦੇਵੇਗਾ ਜਿਹੜੀ ਸਭਨਾਂ ਦੇ ਹਿੱਤਾਂ ਵਿਚ ਕੰਮ ਕਰੇਗੀ।

### ਮਜ਼ਦੂਰ ਜਮਾਤ ਅਤੇ ਮੌਜੂਦਾ ਸਰਕਾਰ

1947 ਤੋਂ ਲੈ ਕੇ ਹੋਈਆਂ ਸਾਰੀਆਂ ਚੋਣਾਂ ਦਾ ਤਜਰਬਾ ਬਾਰ-ਬਾਰ ਇਹੀ ਦਿਖਾਉਂਦਾ ਹੈ ਕਿ ਸਰਕਾਰ ਦੇ ਬਦਲ ਜਾਣ ਨਾਲ ਆਰਥਿਕਤਾ ਦੀ ਦਿਸ਼ਾ ਵਿਚ ਕਦੇ ਕੋਈ ਤਬਦੀਲੀ ਨਹੀਂ ਆਈ। ਰਾਜਸੱਤਾ ਉੱਪਰ ਉਸੇ ਹੀ ਜਮਾਤ ਦਾ ਕੰਟਰੋਲ ਕਾਇਮ ਰਹਿੰਦਾ ਹੈ। ਸਿਆਸੀ-ਆਰਥਿਕ ਢਾਂਚੇ ਵਿੱਚ ਕੋਈ ਤਬਦੀਲੀ ਨਹੀਂ ਆਉਂਦੀ। ਕੇਵਲ ਪ੍ਰਬੰਧਕ ਬਦਲਦੇ ਹਨ। ਸਰਮਾਏਦਾਰੀ ਦੀ ਤਾਨਾਸ਼ਾਹੀ ਬਰਕਰਾਰ ਰਹਿੰਦੀ ਹੈ। ਸੱਤਾ ਦੀ ਵਾਗਡੋਰ ਸਰਮਾਏਦਾਰ ਜਮਾਤ ਦੇ ਹੱਥਾਂ ਵਿਚ ਰਹਿੰਦੀ ਹੈ, ਕੇਵਲ ਘੋੜੇ ਹੀ ਬਦਲਦੇ ਹਨ।

ਇੱਕ ਸਾਲ ਦੇ ਅੰਦਰ-ਅੰਦਰ ਹੀ ਭਾਜਪਾ ਸਰਕਾਰ ਦੀ ਅਸਲੀਅਤ ਸਾਹਮਣੇ ਆ ਚੁੱਕੀ ਹੈ ਕਿ ਇਹ ਸਰਮਾਏਦਾਰੀ ਦੇ ਪ੍ਰਬੰਧਕ ਦੇ ਤੌਰ ਉੱਤੇ ਕਾਂਗਰਸ ਪਾਰਟੀ ਦਾ ਇੱਕ ਬਦਲ ਹੀ ਹੈ। ਇਸ ਦੀ ਅਸਲੀਅਤ ਇੱਕ ਅਜੇਹੀ ਸਰਕਾਰ ਦੇ ਤੌਰ ਉਤੇ ਸਾਹਮਣੇ ਆ ਗਈ ਹੈ, ਜਿਸਨੇ ਬਹੁਤ ਸਾਰੇ ਨਵੇਂ ਵਾਇਦੇ ਤਾਂ ਕੀਤੇ ਹਨ, ਪਰ ਰਸਤਾ ਪਹਿਲੀ ਸਰਕਾਰ ਵਾਲਾ ਹੀ ਫੜੀ ਰੱਖਿਆ ਹੈ।

ਹਿੰਦੋਸਤਾਨ ਦੀ ਆਰਥਿਕਤਾ ਸੰਕਟ ਵਿਚ ਹੈ। ਕਿਉਂਕਿ ਇਹ ਵਿਸ਼ਵ ਆਰਥਿਕਤਾ ਨਾਲ ਡੂੰਘੇ ਤੌਰ ਉੱਤੇ ਜੁੜੀ ਹੋਈ ਹੈ, ਇਸ ਲਈ ਇਹ ਗੰਭੀਰ ਵਿਸ਼ਵ ਆਰਥਿਕ ਸੰਕਟ ਤੋਂ ਨਿਰਲੇਪ ਨਹੀਂ। ਬਦੇਸ਼ਾਂ ਵਿੱਚ ਮੰਡੀ ਸੁਕੜ ਜਾਣ ਕਾਰਨ ਬਰਾਮਦਾਂ ਨਪੀੜੀਆਂ ਗਈਆਂ ਹਨ। ਪੂੰਜੀ ਨਿਵੇਸ਼ ਕਰਨ ਵਾਸਤੇ ਬਹੁਤ ਸਾਰੇ ਦੇਸ਼ਾਂ ਵਿਚਕਾਰ ਇੱਕ ਦੂਜੇ ਨਾਲ ਮੁਕਾਬਲਾ ਚੱਲ ਰਿਹਾ ਹੈ। ਦੁਨੀਆਂ ਪੱਧਰ ਉੱਤੇ ਆਰਥਿਕਤਾ ਨੂੰ ਦਰਪੇਸ਼ ਸੱਭ ਬੀਮਾਰੀਆਂ, ਜਿਵੇਂ ਕਿ ਮੁਦਰਾਸਫੀਤੀ, ਬੇਰੁਜ਼ਗਾਰੀ, ਲੋਕਾਂ ਦੀ ਖਰੀਦ-ਸ਼ਕਤੀ ਘਟ ਜਾਣ ਕਾਰਨ ਅਣਵਿਕੀਆਂ ਉਪਭੋਗੀ ਵਸਤਾਂ ਦੇ ਜਮ੍ਹਾਂ ਹੋਏ ਜ਼ਖੀਰੇ ਆਦਿ ਦਾ ਹਿੰਦੋਸਤਾਨ ਦੀ ਆਰਥਿਕਤਾ ਉੱਪਰ ਵੀ ਅਸਰ ਹੈ।

ਇਹ ਸਰਮਾਏਦਾਰੀ ਦਾ ਸੰਕਟ ਹੈ, ਜੋ ਕਿ ਗਲ-ਸੜ ਰਹੀ ਹੈ, ਅਤੇ ਸੰਕਟ ਦੇ ਕਿਸੇ ਵੀ ਪੱਖ ਨੂੰ ਜਾਦੂ ਦੇ ਡੰਡੇ ਨਾਲ ਸੁਧਾਰਿਆ ਨਹੀਂ ਜਾ ਸਕਦਾ।

ਲੋਕਾਂ ਦੇ ਹਾਲਾਤ ਵਿਗੜ ਰਹੇ ਹਨ। ਸਰਮਾਏਦਾਰਾ ਢਾਂਚੇ ਦੇ ਆਮ ਸੰਕਟ ਕਾਰਨ ਅਜਾਰੇਦਾਰੀਆਂ ਦੇ ਮੁਨਾਫੇ ਦਬਾਅ ਹੇਠ ਹੋਣ ਕਾਰਨ ਅੰਤਰ-ਅਜਾਰੇਦਾਰੀ ਮੁਕਾਬਲਾ ਤਿੱਖਾ ਹੋ ਜਾਣ ਕਰਕੇ ਮਜ਼ਦੂਰ ਜਮਾਤ, ਕਿਸਾਨੀ ਅਤੇ ਹੋਰ ਸੱਭ ਮੇਹਨਤਕਸ਼ਾਂ ਉੱਤੇ ਹਮਲੇ ਤੇਜ਼ ਹੋ ਰਹੇ ਹਨ। ਵੱਧ-ਤੋਂ-ਵੱਧ ਮੁਨਾਫੇ ਬਣਾਉਣ ਦੀਆਂ ਕੋਸ਼ਿਸ਼ਾਂ ਵਾਸਤੇ ਸਰਮਾਏਦਾਰੀ ਮਜ਼ਦੂਰਾਂ, ਕਿਸਾਨਾਂ ਅਤੇ ਜਨਤਾ ਉੱਤੇ ਹਮਲੇ ਤੇਜ਼ ਕਰ ਰਹੀ ਹੈ।

ਮਜ਼ਦੂਰ ਜਮਾਤ ਅਤੇ ਮੇਹਨਤਕਸ਼ ਲੋਕਾਂ ਦੇ ਸੱਭ ਤਬਕਿਆਂ ਵਿਚ ਬਹੁਤ ਗੁੱਸਾ ਅਤੇ ਨਰਾਜ਼ਗੀ ਹੈ। ਹਕੂਮਤੀ ਗਠਜੋੜ ਨਾਲ ਜੁੜੀਆਂ ਹੋਈਆਂ ਟਰੇਡ ਯੂਨੀਅਨਾਂ ਸਮੇਤ, ਸੱਭ ਟਰੇਡ ਯੂਨੀਅਨਾਂ ਇਸ ਗੁੱਸੇ ਦਾ ਇਜ਼ਹਾਰ ਕਰਦੀਆਂ ਹੋਈਆਂ ਮਜ਼ਦੂਰਾਂ ਅਤੇ ਕਿਸਾਨਾਂ ਦੇ ਰੁਜ਼ਗਾਰ ਉੱਤੇ ਅਤੇ ਉਨ੍ਹਾਂ ਦੇ ਅਧਿਕਾਰਾਂ ਉੱਤੇ ਹਮਲਿਆਂ ਦੇ ਖਿਲਾਫ਼ ਭਾਰੀ ਜਨਤਕ ਰੋਸ ਜ਼ਾਹਰ ਕਰਨ ਵਾਸਤੇ ਸੜਕਾਂ ਉਤੇ ਨਿਕਲ ਤੁਰੀਆਂ ਹਨ।

### ਸੰਕਟ ਵਿਚੋਂ ਨਿਕਲਣ ਦਾ ਰਾਹ

ਕੇਵਲ ਸਰਮਾਏਦਾਰੀ ਦਾ ਖਾਤਮਾ ਕਰਕੇ ਅਤੇ ਹਿੰਦੋਸਤਾਨੀ ਸਮਾਜ ਦਾ ਜਮਹੂਰੀ ਨਵੀਕਰਣ ਕਰਕੇ ਹੀ ਆਪਣੇ ਲੋਕਾਂ ਦੇ ਅੱਛੇ ਦਿਨ ਲਿਆਂਦੇ

ਬਾਕੀ ਸਫਾ 5 'ਤੇ

## ਸੱਭ ਦੇ ਹੱਕਾਂ ਦੀ ਰਖਵਾਲੀ...

**ਸਫਾ 1 ਦੀ ਬਾਕੀ**

ਨਜ਼ਦੀਕ ਦੀਆਂ ਪਹਾੜੀਆਂ ਤੋਂ ਮਿਲੀਆਂ, ਜਿਨ੍ਹਾਂ ਦੀਆਂ ਪਹਾੜੀ ਤੋਂ ਤਿਲਕ ਕੇ ਡਿੱਗਣ ਨਾਲ ਮੌਤਾਂ ਹੋ ਗਈਆਂ ਸਨ।

ਦਿੱਲੀ ਵਿਚ ਸਰਕਾਰੀ ਹਸਪਤਾਲਾਂ 20,000 ਤੋਂ ਵਧ ਡਾਕਟਰਾਂ ਨੇ ਸਾਰੀਆਂ ਸਰਕਾਰਾਂ ਵਲੋਂ ਜਾਣਬੁੱਝ ਕੇ ਸਰਕਾਰੀ ਹਸਪਤਾਲਾਂ ਨੂੰ ਗਿਣੇਮਿਥੇ ਢੰਗ ਨਾਲ ਬਰਬਾਦ ਕਰਨ ਦੇ ਵਿਰੋਧ ਵਿਚ ਹੜਤਾਲ ਕਰਨ ਦਾ ਐਲਾਨ ਕੀਤਾ ਸੀ। ਦਿੱਲੀ ਸਰਕਾਰ ਨੇ 24 ਘੰਟਿਆਂ ਦੇ ਅੰਦਰ ਅੰਦਰ ਹੀ ਇਸ ਹੜਤਾਲ ਨੂੰ "ਗੈਰ-ਕਨੂੰਨੀ" ਐਲਾਨ ਕਰ ਦਿੱਤਾ ਅਤੇ ਫਾਸ਼ੀਵਾਦੀ ਕਨੂੰਨ ਐਸਮਾ (ਅਸੈਂਸੀਅਲ ਸਰਵਿਸਿਜ਼ ਮੇਨਟੇਨੈਂਸ ਐਕਟ) ਲਾਗੂ ਕਰ ਕੇ, ਡਾਕਟਰਾਂ ਦੇ ਜਾਇਜ਼ ਸੰਘਰਸ਼ ਨੂੰ ਕੁਚਲਣ ਵਾਸਤੇ ਹਜ਼ਾਰਾਂ ਦੀ ਗਿਣਤੀ ਵਿਚ ਪੁਲੀਸ ਤਾਇਨਾਤ ਕਰ ਦਿੱਤੀ।

ਦੂਸਰੇ ਬੰਨੇ, ਇਹੀ ਸਰਕਾਰਾਂ ਸਰਮਾਏਦਾਰਾਂ ਦੀਆਂ ਮੰਗਾਂ ਦੀ ਪੂਰਤੀ ਵਾਸਤੇ ਬੜੀ ਨੇਹਚਾ ਨਾਲ ਕੰਮ ਕਰ ਰਹੀਆਂ ਹਨ। ਕੇਂਦਰੀ ਸਰਕਾਰ ਸਰਮਾਏਦਾਰਾਂ ਦੇ "ਕਾਰੋਬਾਰ ਨੂੰ ਸੌਖਾ ਬਣਾਉਣ" ਵਾਸਤੇ ਬੜੀ ਸਰਗਰਮੀ ਨਾਲ ਕੰਮ ਕਰ ਰਹੀ ਹੈ। ਸਰਮਾਏਦਾਰਾਂ ਦੀਆਂ ਇਹ ਮੰਗਾਂ ਪੂਰੀਆਂ ਕਰਨ ਵਾਸਤੇ ਕੰਪਨੀ ਐਕਟ ਵਿਚ ਸੋਧ ਕੀਤੀ ਗਈ ਹੈ, ਮਜ਼ਦੂਰਾਂ ਦੇ ਹੱਕਾਂ ਉਤੇ ਬੰਦਸ਼ਾਂ ਲਾਉਣ ਅਤੇ ਉਨ੍ਹਾਂ ਦੀ ਲੁੱਟ ਵਧਾਉਣ ਵਾਸਤੇ ਸੰਸਦ ਵਿਚ ਢੇਰ ਸਾਰੇ ਕਨੂੰਨ ਪਾਸ ਹੋ ਚੁੱਕੇ ਹਨ, ਅਤੇ ਕਈ ਹੋਰ ਜਲਦੀ ਹੀ ਪਾਸ ਕਰ ਦਿੱਤੇ ਜਾਣਗੇ। ਇਨ੍ਹਾਂ ਕਨੂੰਨਾਂ ਦਾ ਉਦੇਸ਼ ਮਜ਼ਦੂਰਾਂ ਵਾਸਤੇ ਆਪਣੀਆਂ ਯੂਨੀਅਨਾਂ ਬਣਾਉਣਾ ਮੁਸ਼ਕਲ ਕਰਨਾ, ਮਜ਼ਦੂਰਾਂ ਨੂੰ ਕਿਸੇ ਕਿਸਮ ਦੀ ਸਮਾਜਿਕ ਸੁਰੱਖਿਆ ਦੇਣ ਤੋਂ ਬਗੈਰ ਹੀ ਕੰਮ ਤੇ "ਰੱਖਣ ਜਾਂ ਕੱਢਣ" ਨੂੰ ਸੌਖਾ ਬਣਾਉਣਾ, ਠੇਕਾ ਮਜ਼ਦੂਰੀ ਨੂੰ ਕਨੂੰਨੀ ਬਣਾਉਣਾ, ਕੰਮ ਦੇ ਘੰਟੇ ਵਧਾਉਣ ਨੂੰ ਕਨੂੰਨੀ ਤੌਰ ਤੇ ਜਾਇਜ਼ ਠਹਿਰਾਉਣਾ, ਫੈਕਟਰੀਆਂ ਬੰਦ ਕਰਨਾ ਅਤੇ ਮਜ਼ਦੂਰਾਂ ਦੀ ਛਾਂਟੀ ਕਰਨਾ ਹੋਰ ਆਸਾਨ ਕਰਨਾ ਅਤੇ ਲੱਖਾਂ ਹੀ ਕਾਰੋਬਾਰਾਂ ਨੂੰ ਫੈਕਟਰੀ ਐਕਟ ਅਤੇ ਉਦਯੋਗਿਕ ਝਗੜੇ ਦੇ ਐਕਟ ਦੇ ਦਾਇਰੇ ਤੋਂ ਬਾਹਰ ਕਰ ਦੇਣਾ ਹੈ। ਸਰਕਾਰ ਨੇ ਸਰਮਾਏਦਾਰਾਂ ਦੀ ਮੰਗ ਦੇ ਮੁਤਾਬਿਕ, ਰੱਖਿਆ, ਬੀਮਾ, ਰੇਲਵੇ, ਆਦਿ ਕਈ ਰਣਨੈਤਿਕ ਆਰਥਿਕ ਖੇਤਰਾਂ ਵਿਚ ਵੱਧ-ਤੋਂ-ਵੱਧ ਸਿੱਧੇ ਬਦੇਸ਼ੀ ਪੂੰਜੀ ਨਿਵੇਸ਼ ਵਾਸਤੇ ਰਾਹ ਖੋਲ੍ਹ ਦਿੱਤਾ ਹੈ।

ਸਰਮਾਏਦਾਰੀ ਅਤੇ ਉਸਦੇ ਪ੍ਰਚਾਰਕਾਂ ਅਨੁਸਾਰ ਜਦੋਂ ਮੇਹਨਤਕਸ਼ ਲੋਕ ਆਪਣੇ ਹੱਕਾਂ ਵਾਸਤੇ ਲੜਾਈ ਕਰਦੇ ਹਨ, ਤਾਂ ਉਨ੍ਹਾਂ ਦਾ ਇਹ ਸੰਘਰਸ਼ "ਕੌਮੀ ਹਿੱਤਾਂ" ਦੇ ਖਿਲਾਫ ਹੈ ਅਤੇ ਇਸ ਨੂੰ ਕੁੱਚਲ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ "ਹਿੰਸਕ" ਗਰਦਾਨਿਆਂ ਜਾਂਦਾ ਹੈ ਅਤੇ ਇਹ ਇਲਜ਼ਾਮ ਲਾਇਆ ਜਾਂਦਾ ਹੈ ਕਿ ਉਹ ਸਰਮਾਏਦਾਰਾਂ ਨੂੰ ਡਰਾ ਕੇ ਭਜਾ ਦਿੰਦੇ ਹਨ ਅਤੇ ਇਸ ਤਰ੍ਹਾਂ ਆਰਥਿਕਤਾ ਨੂੰ ਨੁਕਸਾਨ ਪਹੁੰਚਾਉਂਦੇ ਹਨ। ਗੁੜਗਾਉਂ ਅਤੇ ਮੰਡੀ ਵਿਚ ਕੰਮ ਦੀਆਂ ਅਣਮਨੁੱਖੀ ਹਾਲਤਾਂ ਅਤੇ ਮਜ਼ਦੂਰਾਂ ਦੇ ਸੰਘਰਸ਼ ਖਿਲਾਫ ਮਾਲਕਾਂ ਦੀ ਹਿੰਸਾ ਤੋਂ ਇਹੀ ਸਾਬਤ ਹੁੰਦਾ ਹੈ। ਸਵਾਸਥ ਸੇਵਾ ਅਤੇ ਵਿਦਿਆ ਵਰਗੀਆਂ ਸੇਵਾਵਾਂ ਦੇ ਮਾਮਲੇ ਵਿੱਚ, ਸਰਕਾਰ ਸਿਲਸਿਲੇਵਾਰ ਢੰਗ ਨਾਲ ਸਰਕਾਰੀ ਹਸਪਤਾਲਾਂ ਅਤੇ ਵਿਦਿਅਕ ਅਦਾਰਿਆਂ ਨੂੰ ਬਰਬਾਦ ਕਰਨ ਦਾ ਸਮਾਜ-ਵਿਰੋਧੀ ਪ੍ਰੋਗਰਾਮ ਲਾਗੂ ਕਰਦੀ ਹੈ। ਜਦੋਂ ਇਨ੍ਹਾਂ ਅਦਾਰਿਆਂ ਵਿਚ ਕੰਮ ਕਰ ਰਹੇ ਡਾਕਟਰ, ਨਰਸਾਂ, ਅਤੇ ਅਧਿਆਪਕ ਆਪਣੇ ਕੰਮ ਦੀਆਂ ਹਾਲਤਾਂ ਨੂੰ ਬੇਹਤਰ ਬਣਾਉਣ ਵਾਸਤੇ ਅਤੇ ਇਨ੍ਹਾਂ ਨੂੰ ਬਰਬਾਦ ਕਰਨ ਦੇ ਖਿਲਾਫ ਜਦੋਜਹਿਦ ਕਰਦੇ ਹਨ ਤਾਂ ਸਰਕਾਰ ਉਨ੍ਹਾਂ ਨੂੰ "ਗੈਰ-ਜ਼ਿਮੇਵਾਰ" ਕਹਿ ਕੇ ਹਮਲੇ ਕਰਦੀ ਹੈ। ਹਰ ਸੰਘਰਸ਼ ਦੁਰਾਨ ਪੁਲੀਸ ਸਣੇ ਰਾਜ ਦੀ ਹੋਰ ਸਾਰੀ ਮਸ਼ੀਨਰੀ ਅਤੇ ਸਰਮਾਏਦਾਰਾਂ ਦੇ ਗੁੰਡਿਆਂ ਦੀਆਂ ਲਗਾਮਾਂ ਮਜ਼ਦੂਰਾਂ ਨੂੰ ਡਰਾਉਣ ਲਈ ਖੋਲ੍ਹ ਦਿੱਤੀਆਂ ਜਾਂਦੀਆਂ ਹਨ।

ਸਰਮਾਏਦਾਰੀ ਦੇ ਹਿੱਤ ਅਤੇ ਮਜ਼ਦੂਰਾਂ ਦੇ ਹਿੱਤ ਇੱਕ-ਦੂਸਰੇ ਦੇ ਖਿਲਾਫ ਹਨ। ਇਨ੍ਹਾਂ ਵਿਚਕਾਰ ਸਮਝੌਤਾ ਹੋਣਾ ਅਸੰਭਵ ਹੈ। ਮਜ਼ਦੂਰਾਂ ਅਤੇ ਕਿਸਾਨਾਂ, ਔਰਤਾਂ, ਨੌਜਵਾਨਾਂ, ਵਿਦਿਆਰਥੀਆਂ, ਆਦੀਵਾਸੀਆਂ ਅਤੇ ਹੋਰ ਲੁਟੀਂਦੇ ਅਤੇ ਦੱਬੇ-ਕੁੱਚਲੇ ਲੋਕਾਂ ਦੇ ਸੰਘਰਸ਼ ਇਹੀ ਦਿਖਾ ਰਹੇ ਹਨ ਕਿ ਮੇਹਨਤਕਸ਼ ਜਨਤਾ ਨੂੰ ਆਪਣੇ ਹਾਲਾਤ ਮਨਜ਼ੂਰ ਨਹੀਂ।

ਇੱਕ ਪਾਸੇ ਪਿਛਾਂਹ-ਖਿਚੂ ਸਰਮਾਏਦਾਰੀ ਹੈ, ਜਿਸਦਾ ਰਾਜਸੱਤਾ ਉਤੇ ਕੰਟਰੋਲ ਹੈ। ਸਾਰੀਆਂ ਹੀ ਸਰਕਾਰਾਂ ਭਾਵੇਂ ਉਹ ਕੇਂਦਰ ਵਿਚ ਹਨ ਜਾਂ ਪ੍ਰਾਂਤਾਂ ਵਿਚ ਹਨ, ਉਹ ਸਰਮਾਏਦਾਰੀ ਦੀਆਂ ਪ੍ਰਬੰਧਕੀ ਟੀਮਾਂ ਹਨ। ਉਹ ਹਿੰਦੋਸਤਾਨੀ ਅਤੇ ਬਦੇਸ਼ੀ ਸਰਮਾਏਦਾਰਾਂ ਵਲੋਂ ਸਾਡੇ ਲੋਕਾਂ ਦੀ ਜ਼ਮੀਨ, ਕਿਰਤ ਅਤੇ ਕੁਦਰਤੀ ਸਾਧਨਾਂ ਦੀ ਲੁੱਟ ਕਰਕੇ ਵੱਧ-ਤੋਂ-ਵੱਧ ਮੁਨਾਫੇ ਬਣਾਉਣਾ ਯਕੀਨੀ ਬਣਾਉਣ ਦੇ ਮਜ਼ਦੂਰ-ਵਿਰੋਧੀ, ਕਿਸਾਨ-ਵਿਰੋਧੀ, ਦੇਸ਼-ਵਿਰੋਧੀ ਅਤੇ ਸਮਾਜ-ਵਿਰੋਧੀ ਪ੍ਰੋਗਰਾਮ ਨੂੰ ਪੂਰੀ ਆਗਿਆਕਾਰੀ ਨਾਲ ਲਾਗੂ ਕਰਨ ਵਾਸਤੇ ਬਚਨਬੱਧ ਹਨ।ਦੂਸਰੇ ਪਾਸੇ ਮਜ਼ਦੂਰ ਜਮਾਤ ਅਤੇ ਮੇਹਨਤਕਸ਼ ਕਿਸਾਨੀ ਹੈ ਜੋ ਇਨਸਾਨ ਹੋਣ ਦੇ ਨਾਤੇ ਅਤੇ ਸਮਾਜ ਦੀ ਦੌਲਤ ਪੈਦਾ ਕਰਨ ਵਾਲਿਆਂ ਬਤੌਰ ਆਪਣੇ ਹੱਕਾਂ ਦੀ ਖਾਤਰ ਸੰਘਰਸ਼ ਕਰ ਰਹੇ ਹਨ।

ਅੱਜ, ਆਰਥਿਕਤਾ ਦੀ ਦਿਸ਼ਾ ਦੇਸੀ ਅਤੇ ਬਦੇਸ਼ੀ ਸਰਮਾਏਦਾਰਾਂ ਵਲੋਂ ਵੱਧ-ਤੋਂ-ਵੱਧ ਲੁੱਟ ਰਾਹੀਂ ਉਨ੍ਹਾਂ ਨੂੰ ਅਮੀਰ ਬਣਾਉਣ ਵੱਲ ਸੇਧਤ ਹੈ। ਉਦਾਰੀਕਰਣ ਅਤੇ ਨਿੱਜੀਕਰਣ ਰਾਹੀਂ ਭੂਮੰਡਲੀਕਰਣ ਦੇ ਪ੍ਰੋਗਰਾਮ ਦਾ ਨਿਸ਼ਾਨਾ ਇਸ ਦੀ ਪ੍ਰਾਪਤੀ ਤੇਜ਼ ਤੋਂ ਤੇਜ਼ ਰਫਤਾਰ ਨਾਲ ਕਰਨਾ ਹੈ।

ਮਜ਼ਦੂਰ ਜਮਾਤ ਅਤੇ ਕਿਸਾਨਾਂ ਨੂੰ, ਸਭਨਾਂ ਦੀ ਖੁਸ਼ਹਾਲੀ ਅਤੇ ਸੁਰੱਖਿਆ ਯਕੀਨੀ ਬਣਾਉਣ ਵਾਸਤੇ, ਆਰਥਿਕਤਾ ਨੂੰ ਇੱਕ ਨਵੀਂ ਦਿਸ਼ਾ ਵਿਚ ਲੈ ਜਾਣ ਵਾਸਤੇ ਸੰਘਰਸ਼ ਕਰਨ ਦੀ ਜ਼ਰੂਰਤ ਹੈ। ਅਸੀਂ ਇਹ ਨਹੀਂ ਸਵੀਕਾਰ ਕਰ ਸਕਦੇ ਕਿ ਵੱਡੇ ਸਰਮਾਏਦਾਰਾਂ ਦਾ ਇੱਕ ਮੁੱਠੀਭਰ ਕੁਲੀਨ ਤਬਕਾ ਰਾਜ ਮਸ਼ੀਨਰੀ ਉਪਰ ਆਪਣੇ ਕੰਟਰੋਲ ਰਾਹੀਂ ਵਿਸ਼ਾਲ ਜਨਤਾ ਦੇ ਅਧਿਕਾਰਾਂ ਨੂੰ ਪੈਰਾਂ ਥੱਲੇ ਰੋਲ ਸਕਣਾ ਯਕੀਨੀ ਬਣਾਈ ਰੱਖਣ। ਸਾਨੂੰ ਅਜੇਹਾ ਢਾਂਚਾ ਮਨਜ਼ੂਰ ਨਹੀਂ ਜਿਸ ਵਿੱਚ ਜਨਤਾ ਦੀ ਲੁੱਟ ਕਰਕੇ ਉਨ੍ਹਾਂ ਦੀਆਂ ਹੱਡੀਆਂ ਤੱਕ ਨੋਚ ਲਈਆਂ ਜਾਣ, ਉਹ ਸੱਭ ਹੱਕਾਂ ਤੋਂ ਸੱਖਣੇ ਹੋਣ ਅਤੇ ਉਨ੍ਹਾਂ ਨੂੰ ਪੌਸ਼ਕਟ ਖੁਰਾਕ ਨਾ ਹਾਸਲ ਹੋਵੇ ਅਤੇ ਉਹ ਹੜ੍ਹਾਂ, ਕਾਲਾਂ, ਮਾੜੀ ਸੇਹਤ ਅਤੇ ਬੀਮਾਰੀਆਂ, ਬੇਰੁਜ਼ਗਾਰੀ ਅਤੇ ਯੋਗਤਾ ਨਾਲੋਂ ਨੀਵੇਂ ਰੁਜ਼ਗਾਰ ਦਾ ਸ਼ਿਕਾਰ ਬਣਨ।

ਕੇਂਦਰੀ ਸਵਾਲ ਰਾਜਸੱਤਾ ਹੈ, ਜਾਣੀ ਕਿ ਰਾਜਸੱਤਾ ਉਤੇ ਕਿਹੜੀ ਜਮਾਤ ਦਾ ਕੰਟਰੋਲ ਹੈ। ਜਿੰਨੀ ਦੇਰ ਰਾਜਸੱਤਾ ਉਤੇ ਸਰਮਾਏਦਾਰੀ ਦਾ ਕੰਟਰੋਲ ਹੈ ਓਨੀ ਦੇਰ ਸਰਕਾਰਾਂ ਬਦਲਣ ਨਾਲ ਮਜ਼ਦੂਰ ਜਮਾਤ ਦੀ ਸਹਾਇਤਾ ਨਹੀਂ ਹੋ ਸਕਦੀ। ਜ਼ਿੰਦਗੀ ਦੇ ਤਜਰਬੇ ਤੋਂ ਇਹੀ ਸਬਕ ਮਿਲਦਾ ਹੈ।

ਸਰਮਾਏਦਾਰੀ ਦੀ ਹਕੂਮਤ ਦੀ ਜਗ੍ਹਾ ਮਜ਼ਦੂਰਾਂ ਅਤੇ ਕਿਸਾਨਾਂ ਦੀ ਹਕੂਮਤ ਕਾਇਮ ਕਰਨ ਦੀ ਜ਼ਰੂਰਤ ਹੈ। ਕੇਵਲ ਇਸ ਤਰ੍ਹਾਂ ਹੀ ਸਭਨਾਂ ਦੀ ਖੁਸ਼ਹਾਲੀ ਅਤੇ ਸੁਰੱਖਿਆ ਯਕੀਨੀ ਬਣਾਉਣ ਵੱਲ ਅਸੀਂ ਆਰਥਿਕਤਾ ਦੀ ਦਿਸ਼ਾ ਮੋੜ ਸਕਦੇ ਹਾਂ।

ਇਨ੍ਹਾਂ ਸੰਘਰਸ਼ਾਂ ਨੂੰ ਸਪੱਸ਼ਟ ਅਤੇ ਦੂਰਅੰਦੇਸ਼ੀ ਵਾਲੀ ਅਗਵਾਈ ਪ੍ਰਦਾਨ ਕਰਨਾ ਸਾਡੀ, ਕਮਿਉਨਿਸਟਾਂ ਦੀ ਜ਼ਿਮੇਵਾਰੀ ਹੈ। ਇਸ ਦਾ ਮਤਲਬ ਹੈ ਕਿ ਅਸੀਂ ਜ਼ਰੂਰੀ ਤੌਰ ਉਤੇ ਇਹ ਯਕੀਨੀ ਬਣਾਈਏ ਕਿ ਮਜ਼ਦੂਰ ਜਮਾਤ ਆਪਣੇ ਖੁਦ ਦੇ ਪ੍ਰੋਗਰਾਮ ਦੁਆਲੇ ਇਕਮੁੱਠ ਹੋਵੇ। ਸਰਮਾਏਦਾਰੀ ਅਤੇ ਉਨ੍ਹਾਂ ਦੇ ਹੱਕ ਵਿਚ ਸਫਾਈ ਪੇਸ਼ ਕਰਨ ਵਾਲਿਆਂ ਵਲੋਂ ਲੋਕਾਂ ਦੇ ਕੰਨਾਂ ਵਿੱਚ ਢੰਡੋਰਾ ਪਿੱਟ-ਪਿੱਟ ਕੇ ਰਾਜ ਅਤੇ ਇਸਦੇ ਢਾਂਚੇ ਬਾਰੇ ਖੜ੍ਹੇ ਕੀਤੇ ਭਰਮ ਭੁਲੇਖਿਆਂ ਨੂੰ ਮੇਹਨਤਕਸ਼ਾਂ ਦੇ ਆਪਣੇ ਤਜਰਬੇ ਵਿਚੋਂ ਨਿਕਲੇ ਸਬਕਾਂ ਦੀ ਵਰਤੋਂ ਕਰਕੇ ਲਗਾਤਾਰ ਤਹਿਸ਼-ਨਹਿਸ਼ ਕਰਦੇ ਰਹਿਣ ਦੀ ਜ਼ਰੂਰਤ ਹੈ।

ਸਰਮਾਏਦਾਰੀ ਲੋਕਾਂ ਨੂੰ ਯਕੀਨ ਦੁਆਉਣ ਲਈ 24 ਘੰਟੇ ਇਹ ਝੂਠਾ ਪ੍ਰਚਾਰ ਦੁਹਰਾਉਂਦੀ ਰਹਿੰਦੀ ਹੈ ਕਿ ਆਰਥਿਕ ਅਤੇ ਸਿਆਸੀ ਢਾਂਚਾ ਬਿਲਕੁੱਲ ਵਧੀਆ ਹੈ ਅਤੇ ਇਹ ਲੋਕਾਂ ਦੇ ਹਿੱਤ ਵਿਚ ਕੰਮ ਕਰਨ ਲਈ ਵਰਤਿਆ ਜਾ ਸਕਦਾ ਹੈ। ਲੋਕਾਂ ਨੂੰ ਪਾੜਨ ਵਾਸਤੇ ਅਤੇ ਇੱਕ ਦੂਸਰੇ ਦੇ ਗਲ਼ ਪਾਉਣ ਲਈ ਹਰ ਤਰ੍ਹਾਂ ਦੀਆਂ ਘਟੀਆ ਚਾਲਾਂ ਚਲੀਆਂ ਜਾਂਦੀਆਂ ਹਨ। ਸੱਭ ਸਮੱਸਿਆਵਾਂ ਦਾ ਦੋਸ਼ ਲੋਕਾਂ ਦੇ ਸਿਰ ਮੜ੍ਹਿਆ ਜਾਂਦਾ ਹੈ। ਐਸ ਤਰ੍ਹਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ ਕਿ ਸਰਮਾਏਦਾਰਾਂ ਦੀਆਂ ਵੱਖ-ਵੱਖ ਪਾਰਟੀਆਂ ਵਿਚਕਾਰ ਲੜਾਈ ਹੋ ਰਹੀ ਹੈ, ਅਤੇ ਲੋਕਾਂ ਨੂੰ ਇਨ੍ਹਾਂ ਵਿਚੋ "ਘੱਟ ਬੁਰੀ" ਪਾਰਟੀ ਚੁਣਨ ਵਾਸਤੇ ਕਿਹਾ ਜਾਂਦਾ ਹੈ। ਇਨ੍ਹਾਂ ਢੰਗਾਂ ਨਾਲ ਸਰਮਾਏਦਾਰੀ ਲੋਕਾਂ ਵਿਚਕਾਰ ਤਾਂ ਫੁਟ ਪਾਈ ਰੱਖਦੀ ਹੈ ਅਤੇ ਉਨ੍ਹਾਂ ਨੂੰ ਇਸ ਢਾਂਚੇ ਨਾਲ ਬੰਨ੍ਹੀ ਰਖਦੀ ਹੈ, ਪਰ ਆਪਣਾ ਏਜੰਡਾ ਚਾਲੂ ਰੱਖਦੀ ਹੈ।

ਕਮਿਉਨਿਸਟਾਂ ਨੂੰ ਸਰਮਾਏਦਾਰੀ ਵਲੋਂ ਰਸਤਾ-ਉਕਤਾਊ ਟੋਇਆਂ-ਟਿਬਿਆਂ ਵਿਚ ਫਸਣ ਦੀ ਬਜਾਏ, ਇਹ ਟੋਇਆਂ-ਟਿੱਬੇ ਨੰਗੇ ਕਰਨੇ ਚਾਹੀਦੇ ਹਨ ਅਤੇ ਇੱਕ ਸਿਲਸਿਲੇਵਾਰ ਢੰਗ ਨਾਲ ਮਜ਼ਦੂਰ ਜਮਾਤ ਅਤੇ ਕਿਸਾਨੀ ਨੂੰ ਸਰਮਾਏਦਾਰੀ ਦੀ ਹਕੂਮਤ ਦੀ ਜਗ੍ਹਾ ਮਜ਼ਦੂਰਾਂ-ਕਿਸਾਨਾਂ ਦੀ ਹਕੂਮਤ ਕਾਇਮ ਕਰਨ ਵਾਸਤੇ ਜਥੇਬੰਦਕ ਕੰਮ ਕਰਨਾ ਚਾਹੀਦਾ ਹੈ।

ਸਰਮਾਏਦਾਰੀ ਦੇ ਮਜ਼ਦੂਰ-ਵਿਰੋਧੀ, ਕਿਸਾਨ-ਵਿਰੋਧੀ, ਦੇਸ਼-ਵਿਰੋਧੀ ਅਤੇ ਸਮਾਜ-ਵਿਰੋਧੀ ਪ੍ਰੋਗਰਾਮ ਨੂੰ ਭਾਂਜ ਦੇ ਦਿਓ!

**ਮਜ਼ਦੂਰ-ਕਿਸਾਨ ਰਾਜ ਦੀ ਸਥਾਪਤੀ ਲਈ ਲੜਾਈ ਕਰੋ!**

## ਰਾਜਗ ਸਰਕਾਰ ਦਾ ਇੱਕ ਸਾਲ...

**ਸਫਾ 4 ਦੀ ਬਾਕੀ**

ਜਾ ਸਕਦੇ ਹਨ। ਸਾਨੂੰ ਹਰ ਪੰਜਾਂ ਸਾਲਾਂ ਬਾਅਦ ਇਸ ਜਾਂ ਉਸ ਸਰਕਾਰ ਵਲੋਂ ਜ਼ੁਲਮ ਦੇ ਅਨੰਤ ਚੱਕਰ ਵਿਚੋਂ ਨਿਕਲਣਾ ਚਾਹੀਦਾ ਹੈ। ਸਾਨੂੰ ਮਜ਼ਦੂਰ ਜਮਾਤ ਅਤੇ ਲੋਕਾਂ ਵਿਚ ਸਰਮਾਏਦਾਰੀ ਵਲੋਂ ਫੈਲਾਏ ਜਾਂਦੇ ਭੁਲੇਖਿਆਂ ਨੂੰ ਚਕਨਾਚੂਰ ਕਰ ਦੇਣਾ ਚਾਹੀਦਾ ਹੈ ਕਿ ਸੱਤਾ ਵਿਚਲੀ ਪਾਰਟੀ ਨੂੰ ਬਦਲਣ ਨਾਲ ਸਾਡੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਹੋ ਸਕਦਾ ਹੈ। ਸਮੱਸਿਆ ਦੀ ਜੜ੍ਹ ਸਰਮਾਏਦਾਰੀ ਹੈ ਅਤੇ ਸਰਮਾਏਦਾਰਾਂ ਦੀਆਂ ਸਰਕਾਰਾਂ, ਭਾਵੇਂ ਇਨ੍ਹਾਂ ਦਾ ਨਾਮ ਕੋਈ ਵੀ ਹੋਵੇ ਅਤੇ ਉਹ ਜਿਹੜੇ ਮਰਜ਼ੀ ਨਾਅਰੇ ਦੇਣ, ਉਹ ਸਰਮਾਏਦਾਰ ਜਮਾਤ ਦੇ ਹਿੱਤ ਵਿਚ ਹੀ ਹਕੂਮਤ ਚਲਾਉਣਗੀਆਂ। ਇੱਕੋ-ਇੱਕ, ਕਿਸਾਨੀ ਅਤੇ ਸੱਭ ਦੱਬੇ ਕੁੱਚਲੇ ਲੋਕਾਂ ਨਾਲ ਗਠਜੋੜ ਵਾਲੇ ਮਜ਼ਦੂਰ ਜਮਾਤ ਦਾ ਰਾਜ ਹੀ ਆਰਥਿਕਤਾ ਦੀ ਦਿਸ਼ਾ ਸੱਭ ਦਾ ਵਿਕਾਸ ਕਰਨ ਵੱਲ ਮੋੜ ਸਕਦਾ ਹੈ।

ਹਿੰਦੋਸਤਾਨੀ ਸਰਮਾਏਦਾਰੀ ਆਪਣੀ ਸੱਤਾ ਉਤੇ ਜਮਹੂਰੀਅਤ ਦਾ ਮਖੌਟਾ ਚਾੜ੍ਹ ਕੇ ਆਪਣਾ ਰਾਜ ਚਲਾਉਣ ਵਿਚ ਮਾਹਰ ਹੈ। ਇਹ ਜਮਹੂਰੀਅਤ ਦਾ ਭਰਮ ਪੈਦਾ ਕਰਨ ਲਈ ਚੋਣਾਂ ਦਾ ਇਸਤੇਮਾਲ ਕਰਦੀ ਹੈ, ਪਰ ਜਿੱਥੇ ਉਸ ਨੂੰ ਜ਼ਰੂਰਤ ਹੋਵੇ, ਉਥੇ ਆਪਣੀ "ਜਮਹੂਰੀਅਤ" ਨੂੰ ਪੇਸ਼ ਚੁਣੌਤੀ ਦੇਣ ਵਾਲੇ ਸੰਘਰਸ਼ਾਂ ਵਿਚ ਉਠੇ ਲੋਕਾਂ ਦੇ ਖਿਲਾਫ਼ ਗੋਲੀ ਦਾ ਇਸਤੇਮਾਲ ਵੀ ਕਰਦੀ ਹੈ। ਸਰਮਾਏਦਾਰੀ ਫਿਰਕਾਪ੍ਰਸਤੀ, ਜ਼ਾਤਪਾਤ ਜਾਂ ਧਰਮ ਨੂੰ ਵਰਤ ਕੇ ਵੀ ਲੋਕਾਂ ਵਿਚ ਫੁੱਟਾਂ ਪਾਉਂਦੀ ਹੈ।

ਸਰਮਾਏਦਾਰੀ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਭਾਜਪਾ ਦੀ ਅਗਵਾਈ ਵਾਲੀ ਰਾਜਗ ਸਰਕਾਰ ਦਾ ਇੱਕ ਨਾ ਇੱਕ ਦਿਨ ਪਰਦਾਫਾਸ਼ ਹੋਣਾ ਹੀ ਹੈ। ਸਰਮਾਏਦਾਰੀ ਜਾਣਬੁੱਝ ਕੇ ਧਰਮ-ਨਿਰਪੇਖਤਾ ਅਤੇ ਫਿਰਕਾਪ੍ਰਸਤੀ ਦਾ ਪੱਤਾ ਤਿਆਰ ਰੱਖਦੀ ਹੈ। ਇਹ ਪੱਤਾ ਕੀ ਹੈ? ਉਹ ਇਹ ਕਿ ਮੌਕਾ ਆਉਣ ਉੱਤੇ ਸਰਮਾਏਦਾਰੀ ਇਹ ਪ੍ਰਚਾਰ ਸ਼ੁਰੂ ਕਰ ਦਿੰਦੀ ਹੈ ਕਿ ਇਹ ਸਰਕਾਰ ਫਿਰਕਾਪ੍ਰਸਤ ਹੈ ਅਤੇ ਇਸ ਦੀ ਜਗ੍ਹਾ "ਧਰਮ-ਨਿਰਪੇਖ" ਕਾਂਗਰਸ ਪਾਰਟੀ ਦੀ ਸਰਕਾਰ ਲਿਆਉਣੀ ਚਾਹੀਦੀ ਹੈ। ਇਹਦੇ ਨਾਲ ਹੀ, ਉਹ ਕਾਂਗਰਸ ਪਾਰਟੀ ਨੂੰ "ਗਰੀਬ-ਹਿਤੂ" ਪਾਰਟੀ ਦੇ ਤੌਰ ਉਤੇ ਪ੍ਰਚਾਰਨਾ ਸ਼ੁਰੂ ਕਰ ਦੇਵੇਗੀ। ਰਾਹੁਲ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਨੂੰ ਇੱਕ ਵਿਕਲਪ ਦੇ ਤੌਰ ਉਤੇ ਤਿਆਰ ਕੀਤਾ ਜਾਣਾ ਸ਼ੁਰੂ ਵੀ ਹੋ ਗਿਆ ਹੈ।

ਮਜ਼ਦੂਰ ਜਮਾਤ ਅਤੇ ਕਮਿਉਨਿਸਟਾਂ ਵਾਸਤੇ ਸਰਮਾਏਦਾਰੀ ਦਾ ਖਾਤਮਾ ਕਰਨਾ ਇੱਕੋ-ਇੱਕ ਰਾਹ ਹੈ। ਸਰਕਾਰਾਂ ਬਦਲ ਕੇ, ਜਾਣੀ ਸਰਮਾਏਦਾਰਾ ਢਾਂਚੇ ਦੇ ਪ੍ਰਬੰਧਕ ਬਦਲ ਕੇ, ਮੇਹਨਤਕਸ਼ ਲੋਕਾਂ ਦੇ ਹਾਲਾਤਾਂ ਨੂੰ ਨਹੀਂ ਬਦਲਿਆ ਜਾ ਸਕਦਾ ਅਤੇ ਨਾ ਹੀ ਜ਼ੁਲਮ ਅਤੇ ਲੁੱਟ-ਖਸੁੱਟ ਨੂੰ ਘੱਟ ਕੀਤਾ ਜਾ ਸਕਦਾ ਹੈ।

ਅੱਜ, ਵਿਰੋਧੀ ਅਵਾਜ਼ ਨੂੰ ਦਬਾਉਣਾ, ਲੋਕਾਂ ਦੇ ਵਿਅਕਤੀਗਤ ਵਿਚਾਰਾਂ ਕਰਕੇ ਉਨ੍ਹਾਂ ਉਤੇ ਹਮਲੇ ਕੀਤੇ ਜਾਣਾ ਅਤੇ ਹੋਰ ਫਾਸ਼ੀ ਹੱਥਕੰਡਿਆਂ ਵਿਚ ਵਾਧਾ ਹੋ ਰਿਹਾ ਹੈ। ਜਦੋਂ ਸਰਮਾਏਦਾਰੀ ਸੰਕਟ ਵਿਚ ਹੁੰਦੀ ਹੈ, ਜਿਸ ਤਰ੍ਹਾਂ ਕਿ ਇਸ ਵੇਲੇ ਹੈ, ਤਾਂ ਲੋਕਾਂ ਦੇ ਹਿੱਸੇ ਹੋਰ ਜ਼ਿਆਦਾ ਫਾਸ਼ੀਵਾਦ ਆਉਂਦਾ ਹੈ। ਇਸਦਾ ਇੱਕੋ-ਇੱਕ ਹੱਲ ਸਰਮਾਏਦਾਰੀ ਅਤੇ ਸਰਮਾਏਦਾਰੀ ਦੇ ਰਾਜ ਦਾ ਖਾਤਮਾ ਅਤੇ ਇਸ ਦੀ ਜਗ੍ਹਾ ਮਜ਼ਦੂਰਾਂ ਕਿਸਾਨਾਂ ਦਾ ਰਾਜ ਸਥਾਪਤ ਕਰਨਾ ਹੈ। ■

## ਲੋਕ ਰਾਜ ਸੰਗਠਨ ਵਲੋਂ ਮੁਹਿੰਮ ...

**ਸਫਾ 1 ਦੀ ਬਾਕੀ**

ਲੋਕ ਰਾਜ ਸੰਗਠਨ ਵਲੋਂ, ਮੀਟਿੰਗਾਂ ਵਿਚ ਉਠਾਏ ਗਏ ਮਸਲਿਆਂ ਦੇ ਅਧਾਰ ਉਤੇ, 5 ਜੂਨ ਨੂੰ ਦਿੱਲੀ ਸਰਕਾਰ ਨੂੰ ਇੱਕ ਯਾਦਪੱਤਰ ਦਿੱਤਾ ਗਿਆ। ਉਸ ਤੋਂ ਬਾਅਦ, ਹੁਣ ਲੋਕ ਰਾਜ ਸੰਗਠਨ ਦੀਆਂ ਕਮੇਟੀਆਂ ਵਲੋਂ ਆਪਣੀਆਂ ਮੰਗਾਂ ਪੂਰੀਆਂ ਕਰਵਾਉਣ ਵਾਸਤੇ, ਸਰਕਾਰ ਦੇ ਵੱਖ-ਵੱਖ ਮਹਿਕਮਿਆਂ, ਜਿਵੇਂ ਦਿੱਲੀ ਮਿਊਂਸਿਪਲ ਕਮੇਟੀ, ਦਿੱਲੀ ਜਲ ਬੋਰਡ, ਦਿੱਲੀ ਟਰਾਂਸਪੋਰਟ ਕਾਰਪੋਰੇਸ਼ਨ, ਸਵਾਸਥ ਅਤੇ ਪ੍ਰਵਾਰ ਭਲਾਈ ਦਾ ਮਹਿਕਮਾ, ਵਿੱਦਿਆ ਦਾ ਮਹਿਕਮਾ, ਆਦਿ ਉਤੇ ਦਬਾਅ ਪਾਇਆ ਜਾਵੇਗਾ।

ਇਸ ਮੁਹਿੰਮ ਨੂੰ ਅੱਗੇ ਤੋਰਨ ਵਾਸਤੇ ਕਾਰਵਾਈਆਂ ਦੀ ਯੋਜਨਾਂ ਤਿਆਰ ਕਰਨ ਵਾਸਤੇ 21 ਜੂਨ ਨੂੰ ਲੋਕ ਰਾਜ ਸੰਗਠਨ ਦੀਆਂ ਵੱਖ ਵੱਖ ਇਲਾਕਿਆਂ ਦੀਆਂ ਸਮਿਤੀਆਂ ਦੇ ਮੈਂਬਰਾਂ ਅਤੇ ਹਮਾਇਤੀਆਂ ਦੀ ਮੀਟਿੰਗ ਜਥੇਬੰਦ ਕੀਤੀ ਗਈ ਸੀ। ਇਸ ਮੀਟਿੰਗ ਵਿਚ ਸਾਰੀਆਂ ਕਲੋਨੀਆਂ ਦੇ ਮਰਦਾਂ, ਔਰਤਾਂ ਸਣੇ ਬਹੁਤ ਵੱਡੀ ਗਿਣਤੀ ਵਿਚ ਨੌਜਵਾਨ ਵੀ ਇਸ ਮੁਹਿੰਮ ਵਿਚ ਸ਼ਾਮਲ ਹੋਣ ਲਈ ਅੱਗੇ ਆਏ। ਮੀਟਿੰਗ ਵਿਚ ਸ਼ਾਮਲ ਸਹਿਭਾਗੀਆਂ ਨੇ ਦਿੱਲੀ ਸਰਕਾਰ ਅੱਗੇ ਰਖੀਆਂ ਮੰਗਾਂ ਬਾਰੇ ਅਤੇ ਇਹ ਮੰਗਾਂ ਮਨਵਾਉਣ ਦੇ ਤਰੀਕਿਆਂ ਬਾਰੇ ਅਤੇ ਇਸ ਸੰਘਰਸ਼ ਨੂੰ ਅੱਗੇ ਵਧਾਉਣ ਵਾਸਤੇ ਵੱਡੀ ਗਿਣਤੀ ਵਿਚ ਲੋਕਾਂ ਨੂੰ ਤਿਆਰ ਕਰਨ ਦੇ ਤਰੀਕਿਆਂ ਬਾਰੇ ਬਹੁਤ ਜੋਸ਼ ਪੂਰਬਕ ਵਿਚਾਰ ਵਟਾਂਦਰਾ ਕੀਤਾ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਲੋਕ ਰਾਜ ਸੰਗਠਨ ਦੇ ਕਨਵੀਨਰ, ਕਾਮਰੇਡ ਪ੍ਰਕਾਸ਼ ਰਾਓ ਨੇ ਇਸ ਗੱਲ ਵੱਲ ਧਿਆਨ ਦੁਆਇਆ ਕਿ ਆਪਣੀਆਂ ਸਮੱਸਿਆਵਾਂ ਦੇ ਹੱਲ ਵਾਸਤੇ ਚਿੰਤਤ ਸੱਭ ਲੋਕਾਂ ਵਿਚਕਾਰ ਇੱਕਸੁਰਤਾ ਲਿਆਉਣ ਵਾਸਤੇ ਇਹਦੇ ਵਿਚ ਵੱਡੀ ਗਿਣਤੀ ਵਿਚ ਲੋਕਾਂ ਦੀ ਸ਼ਮੂਲੀਅਤ ਦੀ ਜ਼ਰੂਰਤ ਹੈ। ਜੇਕਰ ਇਹ ਨਹੀਂ ਕੀਤਾ ਜਾਂਦਾ ਤਾਂ ਅਧਿਕਾਰੀ ਸਾਡੀਆਂ ਮੰਗਾਂ ਨੂੰ ਲੈ ਕੇ ਸਾਡੀ ਕਮਿਉਨਿਟੀ ਵਿਚ ਫੁੱਟ ਪਾਉਣ ਵਿਚ ਕਾਮਯਾਬ ਹੋ ਸਕਦੇ ਹਨ। ਉਸ ਨੇ ਧਿਆਨ ਦੁਆਇਆ ਕਿ ਇਸ ਸ਼ਹਿਰ ਵਿਚ ਕਾਮਿਆਂ ਨੂੰ ਅਜੇਹੀਆਂ ਭੈੜੀਆਂ ਹਾਲਤਾਂ ਵਿਚ ਰਹਿਣ ਲਈ ਮਜਬੂਰ ਹੋਣਾ ਪੈਂਦਾ ਹੈ, ਜਿਹੜੀਆਂ ਕਿ ਇਨਸਾਨਾਂ ਵਾਸਤੇ ਰਹਿਣ ਦੇ ਅਨੁਕੂਲ ਨਹੀਂ, ਪਰ ਇਨ੍ਹਾਂ ਹਾਲਤਾਂ ਨੂੰ ਸੁਧਾਰਨ ਵਿਚ ਸਰਮਾਏਦਾਰਾਂ ਦੀ ਕੋਈ ਵੀ ਪਾਰਟੀ ਦਿਲਚਸਪੀ ਨਹੀਂ ਲੈਂਦੀ। ਸਗੋਂ ਇਨ੍ਹਾਂ ਹੀ ਹਾਲਤਾਂ ਨੂੰ ਦਹਾਕਿਆਂ-ਬੱਧੀ ਅਰਸੇ ਤੋਂ ਇੱਕ ਜਾਂ ਦੂਸਰੀ ਪਾਰਟੀ ਆਪਣੀ ਵੋਟ ਬੈਂਕ ਤਿਆਰ ਕਰਨ ਵਾਸਤੇ ਵਰਤਦੀ ਆ ਰਹੀ ਹੈ। ਇਹਦੇ ਨਾਲ ਨਾਲ, ਸਾਡਾ ਧਿਆਨ ਉਕਤਾਉਣ ਵਾਸਤੇ ਮੀਡੀਏ ਰਾਹੀਂ ਹਰ ਤਰ੍ਹਾਂ ਦੇ ਭੁਲੇਖੇ ਖੜੇ ਕੀਤੇ ਜਾਂਦੇ ਹਨ ਅਤੇ ਸਮੱਸਿਆਵਾਂ ਦੀ ਅਸਲੀ ਜੜ੍ਹ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਮਿਸਾਲ ਦੇ ਤੌਰ ਉਤੇ, ਮੀਡੀਏ ਨੇ ਕੇਂਦਰ ਸਰਕਾਰ ਵਲੋਂ "ਸਵੱਛ ਭਾਰਤ" ਮੁਹਿੰਮ ਸ਼ੁਰੂ ਕੀਤੇ ਜਾਣ ਲਈ ਬਹੁਤ ਹੀ ਸ਼ੋਰ ਮਚਾਇਆ ਸੀ ਪਰ ਇਸ ਬਾਰੇ ਗੱਲ ਕਰਨ ਵਿਚ ਨਾਕਾਮ ਰਿਹਾ ਹੈ ਕਿ ਸਫਾਈ ਕਰਮਚਾਰੀਆਂ ਨੂੰ ਕਈ ਮਹੀਨਿਆਂ ਤੋਂ ਤਨਖਾਹ ਨਹੀਂ ਦਿੱਤੀ ਗਈ ਅਤੇ ਉਨ੍ਹਾਂ ਨੂੰ ਸਫਾਈ ਕਰਨ ਵਾਸਤੇ ਲੋੜੀਂਦਾ ਸਮਾਨ ਵੀ ਨਹੀਂ ਦਿੱਤਾ ਜਾਂਦਾ। ਉਸਨੇ ਕਿਹਾ ਕਿ ਸਾਨੂੰ ਹਰ ਇੱਕ ਇਲਾਕੇ ਵਿਚ ਸਥਾਨਕ ਮੀਟਿੰਗਾਂ ਕਰਨੀਆਂ ਚਾਹੀਦੀਆਂ ਹਨ ਅਤੇ ਲੋਕਾਂ ਨੂੰ ਇਹ ਸੰਘਰਸ਼ ਆਪਣੇ ਜ਼ਿਮੇ ਲੈਣ ਲਈ ਤਿਆਰ ਕਰਨਾ ਚਾਹੀਦਾ ਹੈ।

ਲੋਕ ਰਾਜ ਸੰਗਠਨ ਦੇ ਪ੍ਰਧਾਨ, ਸ਼੍ਰੀ ਰਾਘਵਾਨ ਅਤੇ ਦਿੱਲੀ ਦੇ ਲੋਕ ਰਾਜ ਸੰਗਠਨ ਦੇ ਸਕੱਤਰ ਬਿਰਜੂ ਨਾਇਕ ਨੇ ਹਰ ਇੱਕ ਇਲਾਕੇ ਦੇ ਸਹਿਭਾਗੀਆਂ ਨੂੰ ਦਿੱਲੀ ਸਰਕਾਰ ਉਤੇ ਇਨ੍ਹਾਂ ਸਮੱਸਿਆਵਾਂ ਦੇ ਹੱਲ ਵਾਸਤੇ ਕਦਮ ਚੁੱਕਣ ਲਈ ਦਬਾਅ ਪਾਉਣ ਵਾਸਤੇ ਲੋਕ ਹਿੱਤਾਂ ਵਾਸਤੇ ਸਰਗਰਮ ਹੋਰ ਜਥੇਬੰਦੀਆਂ ਨਾਲ ਰਲ ਕੇ ਲੋਕਾਂ ਨੂੰ ਜਥੇਬੰਦ ਕਰਨ ਲਈ ਕਿਹਾ।

ਦਿੱਲੀ ਦੇ ਵੱਖ ਵੱਖ ਇਲਾਕਿਆਂ ਦੇ ਕਾਰਕੁੰਨਾਂ ਨੇ ਇਸ ਮੁਹਿੰਮ ਵਾਸਤੇ ਲੋਕਾਂ ਨੂੰ ਤਿਆਰ ਕਰਨ ਦੇ ਤਰੀਕਿਆਂ ਬਾਰੇ ਸੁਝਾਅ ਪੇਸ਼ ਕੀਤੇ। ਇਨ੍ਹਾਂ ਸੁਝਾਵਾਂ ਵਿਚ ਇਲਾਕੇ ਵਿਚ ਰਹਿਣ ਵਾਲੇ ਲੋਕਾਂ ਨਾਲ ਗਲੀਆਂ ਮੋੜਾਂ ਉਤੇ ਅਤੇ ਇਲਾਕੇ ਵਿਚ ਕੇਂਦਰੀ ਸਥਾਨਾਂ ਉਪਰ ਮੀਟਿੰਗਾਂ ਕਰਨਾ, ਇਸ ਮੁਹਿੰਮ ਦੇ ਐਲਾਨ ਵਾਲੇ ਪੋਸਟਰ ਅਤੇ ਬੈਨਰ ਲਾਉਣਾ, ਵਸਨੀਕਾਂ ਨੂੰ ਮੁਹਿੰਮ ਬਾਰੇ ਇਤਲਾਹ ਦੇਣ ਲਈ ਲੀਫਲੈਟ ਵੰਡਣਾ, ਸਥਾਨਕ ਐਮ.ਐਲ.ਏ. ਅਤੇ ਕਮਿਉਨਿਟੀ ਆਗੂਆਂ ਨੂੰ ਇਸ ਜਨਤਕ ਮੁਹਿੰਮ ਵਿਚ ਹਿੱਸਾ ਲੈਣ ਲਈ ਕਹਿਣਾ, ਦਿੱਲੀ ਦੇ ਮੁੱਖ ਮੰਤਰੀ ਦੇ ਦਫਤਰ ਤਕ ਮਾਰਚ ਕਰਨਾ ਆਦਿ ਸ਼ਾਮਲ ਸੀ। ਨੌਜਵਾਨਾਂ ਨੇ "ਫੇਸ ਬੁੱਕ" ਆਦਿ ਸਮਾਜਿਕ ਮੀਡੀਆ ਰਾਹੀਂ ਇਸ ਮੁਹਿੰਮ ਦਾ ਪ੍ਰਚਾਰ ਕੀਤੇ ਜਾਣ ਦੀ ਜੋਸ਼ ਭਰਪੂਰ ਹਮਾਇਤ ਕੀਤੀ। ਇਹ ਸੁਝਾਅ ਵੀ ਆਇਆ ਕਿ ਅਸੀਂ ਆਪਣਾ ਖੁਦ ਦਾ ਮੀਡੀਆ, ਜਿਵੇਂ ਵੀਡੀਓ ਕੈਮਰਾ ਅਤੇ ਅਵਾਜ਼ ਰਿਕਾਰਡ ਕਰਨ ਵਾਲੇ ਜੰਤਰਾਂ ਦੀ ਵਰਤੋਂ ਕਰਕੇ ਇਸ ਮੁਹਿੰਮ ਦਾ ਵੱਡੇ ਪੈਮਾਨੇ ਉਤੇ ਪ੍ਰਚਾਰ ਕਰੀਏ।

ਅਗਲੇ ਕੁੱਝ ਹਫਤਿਆਂ ਵਿਚ ਕਈਆਂ ਇਲਾਕਿਆਂ ਵਿਚ ਮੀਟਿੰਗਾਂ ਕਰਨ ਵਾਸਤੇ ਸੂਚੀ ਤਿਆਰ ਕੀਤੀ ਗਈ। ਮੀਟਿੰਗ ਵਿਚ ਹਾਜ਼ਰ ਕਾਰਕੁੰਨਾਂ ਅਤੇ ਹਮਾਇਤੀਆਂ ਨੇ ਇਸ ਮੁਹਿੰਮ ਨੂੰ ਸਫਲ ਕਰਨ ਵਾਸਤੇ ਬੜੇ ਉਤਸ਼ਾਹ ਨਾਲ ਇੱਕ ਯੋਜਨਾ ਬਣਾਈ। ■

# ਲੋਕ ਰਾਜ ਦੀਆਂ ਸਮਿਤੀਆਂ ਨੇ ਦਿੱਲੀ ਸਰਕਾਰ ਸਾਹਮਣੇ ਆਪਣੀਆਂ ਮੰਗਾਂ ਪੇਸ਼ ਕੀਤੀਆਂ

ਲੋਕ ਰਾਜ ਸੰਗਠਨ ਦੀ ਦਿੱਲੀ ਦੀ ਕਮੇਟੀ ਦੇ ਪ੍ਰਤੀਨਿਧ ਮੰਡਲ ਵਲੋਂ 5 ਜੂਨ ਨੂੰ ਦਿੱਲੀ ਦੀਆਂ ਕਈ ਕਲੋਨੀਆਂ ਵਲੋਂ ਦਿੱਲੀ ਸਰਕਾਰ ਅੱਗੇ ਆਪਣੀਆਂ ਮੰਗਾਂ ਦਾ ਚਿੱਠਾ ਪੇਸ਼ ਕੀਤਾ ਗਿਆ।

ਇਸ ਤੋਂ ਪਹਿਲਾਂ ਦਿੱਲੀ ਭਰ ਵਿਚ ਵੱਖ ਵੱਖ ਕਲੋਨੀਆਂ ਦੀਆਂ ਸਥਾਨਕ ਸਮਿਤੀਆਂ ਕਾਫੀ ਲੰਬੇ ਅਰਸੇ ਤੋਂ ਲੋਕਾਂ ਨੂੰ ਦਰਪੇਸ਼ ਮਸਲਿਆਂ ਸਬੰਧੀ ਮੀਟਿੰਗਾਂ ਕਰਦੀਆਂ ਆ ਰਹੀਆਂ ਸਨ। ਇਨ੍ਹਾਂ ਕਲੋਨੀਆਂ ਦੇ ਬਸ਼ਿੰਦਿਆਂ ਨੇ ਸਰਕਾਰ ਨਾਲ ਆਪਣੀ ਨਰਾਜ਼ਗੀ ਦਾ ਇਜ਼ਹਾਰ ਕੀਤਾ ਅਤੇ ਇਨ੍ਹਾਂ ਮਸਲਿਆਂ ਦੇ ਹੱਲ ਬਾਰੇ ਸੁਝਾਵਾਂ ਉਤੇ ਵਿਚਾਰ ਵਟਾਂਦਰਾ ਕਰਨ ਵਿਚ ਉਤਸ਼ਾਹ ਪੂਰਬਕ ਭਾਗ ਲਿਆ। ਹਰ ਇੱਕ ਸਮਿਤੀ ਨੇ ਆਪਣੀਆਂ ਚਰਚਾਵਾਂ ਦੇ ਅਧਾਰ ਉੱਤੇ ਇਨ੍ਹਾਂ ਸਮੱਸਿਆਵਾਂ ਸਬੰਧੀ ਮੰਗਾਂ ਦੀ ਆਪਣੀ ਆਪਣੀ ਚਿੱਠੀ ਤਿਆਰ ਕੀਤੀ ਹੋਈ ਸੀ। ਸਰਕਾਰ ਨੂੰ ਪੇਸ਼ ਕੀਤੇ ਚਿੱਠੇ ਦਾ ਅਧਾਰ ਇਹ ਚਿੱਠੀਆਂ ਸਨ।

ਮਦਨਪੁਰ ਖਾਦਰ ਮੁੜ-ਵਸੇਬਾ ਕਲੋਨੀ, ਓਖਲਾ ਉਦਯੋਗ ਖੇਤਰ ਵਿਚ ਸਥਿਤ ਸੰਜੇ ਕਲੋਨੀ ਅਤੇ ਇੰਦਰਾ ਕਲਿਆਣ ਵਿਹਾਰ, ਰੋਹਿਣੀ ਸੈਕਟਰ-16 ਵਿਚ ਸਥਿਤ ਸਰਦਾਰ ਕਲੋਨੀ, ਪੂਰਬੀ ਦਿੱਲੀ ਵਿਚ ਸ਼ਸ਼ੀ ਗਾਰਡਨ, ਕਾਲਕਾਜੀ ਵਿਚ ਸਥਿਤ ਟ੍ਰਾਂਜ਼ਿਟ ਕੈਂਪ, ਸੰਗਮ ਵਿਹਾਰ ਅਤੇ ਜਸੋਲਾ ਉਨ੍ਹਾਂ ਕੁੱਝ ਸਥਾਨਾਂ ਵਿਚੋਂ ਹਨ ਜਿਥੇ ਕਿਰਤੀ ਲੋਕਾਂ ਨੂੰ ਪੇਸ਼ ਆ ਰਹੀਆਂ ਤਕਲੀਫਾਂ ਬਾਰੇ ਲੋਕ ਰਾਜ ਸੰਗਠਨ ਵਲੋਂ ਰੱਖੀਆਂ ਮੀਟਿੰਗਾਂ ਵਿਚ ਚਰਚਾਵਾਂ ਕੀਤੀਆਂ ਗਈਆਂ ਸਨ।

ਕਮੇਟੀਆਂ ਨੇ ਹੇਠ ਲਿਖੀਆਂ ਸਮੱਸਿਆਵਾਂ ਦਾ ਹੱਲ ਕੀਤੇ ਜਾਣ ਦੀਆਂ ਮੰਗਾਂ ਕੀਤੀਆਂ ਹਨ:

**ਪਾਣੀ**

ਹਰ ਇੱਕ ਕਮੇਟੀ ਨੇ ਸਰਕਾਰ ਤੋਂ ਹਰ ਪ੍ਰਵਾਰ ਨੂੰ ਬਿਨ-ਵਿਤਕਰਾ ਪੀਣ ਵਾਲੇ ਪਾਣੀ ਦੇ ਮੀਟਰ ਲਾ ਕੇ ਪਾਣੀ ਦਿੱਤੇ ਜਾਣ ਦੀ ਮੰਗ ਕੀਤੀ

**ਬਾਕੀ ਸਫਾ 6 'ਤੇ**

### ਰੈਜ਼ੀਡੈਂਟ ਡਾਕਟਰਾਂ ਦੀ ਹੜਤਾਲ

# ਡਾਕਟਰਾਂ, ਸਿਹਤ ਕਾਮਿਆਂ ਅਤੇ ਮਰੀਜ਼ਾਂ ਦੀਆਂ ਹਾਲਤਾਂ 'ਚ ਸੁਧਾਰ ਦੀ ਮੰਗ

ਦਿੱਲੀ ਦੇ ਸਰਕਾਰੀ ਹਸਪਤਾਲਾਂ ਦੇ ਰੈਜ਼ੀਡੈਂਟ ਡਾਕਟਰਾਂ ਨੇ, ਫੈਡਰੇਸ਼ਨ ਆਫ ਰੈਜ਼ੀਡੈਂਟ ਡਾਕਟਰ ਐਸੋਸੀਏਸ਼ਨ ਦੀ ਅਗਵਾਈ 'ਚ 22 ਜੂਨ ਨੂੰ ਅਣਮਿੱਥੇ ਸਮੇਂ ਦੀ ਹੜਤਾਲ ਦਾ ਐਲਾਨ ਕੀਤਾ। ਸਰਕਾਰੀ ਹਸਪਤਾਲਾਂ 'ਚ ਇਲਾਜ ਦੀਆਂ ਬੁਨਿਆਦੀ ਸਹੂਲਤਾਂ ਅਤੇ ਮਰੀਜ਼ਾਂ ਲਈ ਬਿਹਤਰ ਸਿਹਤ ਸੇਵਾ ਮੁਹੱਈਆ ਕਰਵਾਉਣ ਦੀ ਮੰਗ ਨੂੰ ਲੈ ਕੇ ਉਨ੍ਹਾਂ ਨੇ ਹੜਤਾਲ ਕੀਤੀ।

ਠੀਕ ਉਸਦੇ ਅਗਲੇ ਦਿਨ, ਸਰਕਾਰ ਨੇ ਕਾਲਾ ਕਾਨੂੰਨ ਐਸਮਾ ਲਾਗੂ ਕਰਕੇ ਹੜਤਾਲ ਨੂੰ ਗ਼ੈਰਕਾਨੂੰਨੀ ਐਲਾਨ ਦਿੱਤਾ। ਇਸ ਨੂੰ ਚੁਣੌਤੀ ਦਿੰਦੇ ਹੋਏ ਡਾਕਟਰ ਬਹਾਦਰੀ ਨਾਲ ਸੰਘਰਸ਼ 'ਤੇ ਡਟੇ ਰਹੇ। ਪੂਰੇ ਦੇਸ਼ 'ਚ ਸਰਕਾਰੀ ਹਸਪਤਾਲਾਂ 'ਚ ਰੈਜ਼ੀਡੈਂਟ ਡਾਕਟਰਾਂ ਦਾ, ਆਪਣੇ ਮੁੱਢਲੇ ਹੱਕਾਂ ਲਈ ਅਤੇ ਲੋਕਾਂ ਨੂੰ ਬਿਹਤਰ ਸਿਹਤ ਸੇਵਾ ਮੁਹੱਈਆ ਕਰਵਾਉਣ ਲਈ ਸੰਘਰਸ਼ ਦਾ ਲੰਬਾ ਇਤਿਹਾਸ ਹੈ। ਇਸ ਹੜਤਾਲ 'ਚ, 25 ਸਰਕਾਰੀ ਹਸਪਤਾਲਾਂ ਦੇ ਲਗਪਗ 20,000 ਰੈਜ਼ੀਡੈਂਟ ਡਾਕਟਰਾਂ ਨੇ ਹਿੱਸਾ ਲਿਆ। ਇਸ 'ਚ ਸਫਦਰਜੰਗ ਹਸਪਤਾਲ, ਮੌਲਾਨਾ ਆਜ਼ਾਦ ਮੈਡੀਕਲ ਕਾਲਜ, ਜੀ.ਬੀ. ਪੰਤ ਹਸਪਤਾਲ, ਲੋਕ ਨਾਇਕ ਜੈ ਪ੍ਰਕਾਸ਼ ਨਾਰਾਇਣ ਹਸਪਤਾਲ, ਰਾਮ ਮਨੋਹਰ ਲੋਹੀਆ ਹਸਪਤਾਲ, ਲੇਡੀ ਹਾਰਡਿੰਗ ਹਸਪਤਾਲ, ਆਦਿ, ਸ਼ਾਮਿਲ ਹਨ।

ਵਰਨਣਯੋਗ ਹੈ ਕਿ ਰੈਜ਼ੀਡੈਂਟ ਡਾਕਟਰਾਂ ਅਤੇ ਸਰਕਾਰ ਵਿਚਕਾਰ, ਮੰਗਾਂ ਨੂੰ ਲੈ ਕੇ ਫਰਵਰੀ/ਮਾਰਚ 2015 'ਚ ਗੱਲਬਾਤ ਹੋਈ ਸੀ। ਇਸ 'ਚ ਸਰਕਾਰ ਨੇ ਰੈਜ਼ੀਡੈਂਟ ਡਾਕਟਰਾਂ ਦੀਆਂ ਮੁਸ਼ਕਿਲਾਂ ਅਤੇ ਹਸਪਤਾਲਾਂ ਦੀਆਂ ਕਮੀਆਂ ਨੂੰ ਦੂਰ ਕਰਨ ਦਾ ਲਿਖਤੀ ਵਾਅਦਾ ਕੀਤਾ ਸੀ। ਪਰ ਤਿੰਨ ਮਹੀਨੇ ਬੀਤ ਜਾਣ ਤੋਂ ਬਾਅਦ, ਅੱਜ ਤਕ ਕਿਸੇ ਵੀ ਮੁੱਦੇ 'ਤੇ ਸਰਕਾਰ ਨੇ ਕੋਈ ਕਦਮ ਨਹੀਂ ਚੁੱਕਿਆ ਹੈ।

ਦਿੱਲੀ ਦੇ ਸੱਭ ਤੋਂ ਵੱਡੇ ਸਰਕਾਰੀ ਹਸਪਤਾਲ, ਸਫਦਰਜੰਗ ਦੇ ਰੈਜ਼ੀਡੈਂਟ ਡਾਕਟਰਾਂ ਨੇ, ਮਜ਼ਦੂਰ ਏਕਤਾ ਲਹਿਰ, ਨੂੰ ਦੱਸਿਆ ਕਿ ਇਥੇ ਰੋਗੀ ਲਈ ਜਿਸ ਦਵਾਈ ਦੀ ਜ਼ਰੂਰਤ ਹੈ, ਉਹ ਦਵਾਈ ਹਸਪਤਾਲ 'ਚ ਮੌਜੂਦ ਨਹੀਂ ਹੁੰਦੀ। ਮਰੀਜ਼ਾਂ ਲਈ ਟ੍ਰਾਲੀਆਂ ਨਹੀਂ ਹਨ। ਜਦ ਰੋਗੀ ਨੂੰ ਇਲਾਜ ਲਈ ਮਹੀਨਿਆਂ ਬਾਅਦ ਦੀ ਤਰੀਕ ਦਿੱਤੀ ਜਾਂਦੀ ਹੈ, ਜਦ ਉਨ੍ਹਾਂ ਨੂੰ ਦੂਰੋਂ ਆ ਕੇ ਕਈ ਘੰਟੇ ਜਾਂ ਕਈ ਦਿਨਾਂ ਤਕ ਉਡੀਕ ਕਰਨੀ ਪੈਂਦੀ ਹੈ, ਤਾਂ ਰੋਗੀ ਅਤੇ ਉਸ ਦੇ ਪਰਿਵਾਰ ਦੇ ਮੈਂਬਰਾਂ ਦਾ ਗੁੱਸਾ ਡਾਕਟਰਾਂ 'ਤੇ ਨਿਕਲਦਾ ਹੈ। ਥੁੜ੍ਹੋਂ ਦਾ ਕਾਰਨ ਸਰਕਾਰ ਹੈ ਨਾ ਕਿ ਡਾਕਟਰ। ਨਰਸਿੰਗ ਸਟਾਫ ਦੀ ਭਾਰੀ ਕਮੀ ਹੈ। ਹਰ ਵਿਭਾਗ 'ਚ ਲੱਗਪਗ 40 ਫੀਸਦੀ ਕਰਮਚਾਰੀਆਂ ਦੀ ਕਮੀ ਹੈ। ਕਈ ਹੋਰ ਵਿਭਾਗਾਂ 'ਚ ਤਾਂ ਅਰਦਲੀ ਦੀ 100 ਫੀਸਦੀ ਤਕ ਕਮੀ ਹੈ। ਮਰੀਜ਼ਾਂ ਲਈ ਹਸਪਤਾਲ 'ਚ ਲੋੜ ਅਨੁਸਾਰ ਬਿਸਤਰ ਨਹੀਂ ਹਨ। ਇੱਕ ਬਿਸਤਰ 'ਤੇ 3 ਤੋਂ 4 ਮਰੀਜ਼ਾਂ ਨੂੰ ਲੇਟਣਾ ਪੈਂਦਾ ਹੈ।

ਰੋਜ਼ਾਨਾ ਓਪੀਡੀ 'ਚ ਲੱਗਪਗ 4,000 ਤੋਂ 5,000 ਮਰੀਜ਼ ਇਲਾਜ ਲਈ ਆਉਂਦੇ ਹਨ। ਓਪੀਡੀ ਚਾਰ ਘੰਟੇ ਚੱਲਦੀ ਹੈ ਜਿਸ ਦੌਰਾਨ ਹਰੇਕ ਮਰੀਜ਼ ਲਈ ਰੈਜ਼ੀਡੈਂਟ ਡਾਕਟਰ ਨੂੰ ਇੱਕ ਮਿੰਟ ਤੋਂ ਵੀ ਘੱਟ ਸਮਾਂ ਮਿਲਦਾ ਹੈ। ਤੁਸੀਂ ਅੰਦਾਜ਼ਾ ਲਾ ਸਕਦੇ ਹੋ ਕਿ ਇਨ੍ਹਾਂ ਹਾਲਤਾਂ 'ਚ ਅਸੀਂ ਮਰੀਜ਼ਾਂ ਦਾ ਕਿਵੇਂ ਇਲਾਜ ਕਰਦੇ ਹਾਂ।

ਇੱਕ ਹੋਰ ਡਾਕਟਰ ਨੇ ਦੱਸਿਆ ਕਿ ਦਿੱਲੀ 'ਚ ਜਿੰਨੇ ਵੀ ਸਰਕਾਰੀ ਹਸਪਤਾਲ ਹਨ, ਉਨ੍ਹਾਂ 'ਚ ਜ਼ਿਆਦਾਤਰ ਜ਼ਰੂਰੀ ਸੂਈਆਂ ਤੱਕ ਉਪਲੱਬਧ ਨਹੀਂ ਹੁੰਦੀਆਂ। ਜੇਕਰ ਕਿਸੇ ਨੂੰ ਨਰੇਲਾ 'ਚ ਕੁੱਤਾ ਕੱਟ ਲੈਂਦਾ ਹੈ ਤਾਂ ਉਸ ਨੂੰ ਲੰਬਾ ਸਫਰ ਕਰਕੇ ਸਫਦਰਜੰਗ ਆਉਣਾ ਪੈਂਦਾ ਹੈ ਸੂਈ ਲਗਵਾਉਣ ਲਈ। ਉਸ ਨੂੰ ਇਸ ਲਈ 5 ਦਿਨ ਆਉਣਾ ਪੈਂਦਾ ਹੈ। ਹਰ ਰਿਹਾਇਸ਼ੀ ਇਲਾਕੇ ਦੇ ਸਰਕਾਰੀ ਹਸਪਤਾਲਾਂ 'ਚ ਦਵਾਈਆਂ ਦੀ ਭਾਰੀ ਘਾਟ ਹੈ।

ਸਰਕਾਰੀ ਹਸਪਤਾਲਾਂ 'ਚ ਬੁਨਿਆਦੀ ਸਹੂਲਤਾਂ ਨੂੰ ਵਧਾਉਣ ਦੀ ਮੰਗ ਨੂੰ ਲੈ ਕੇ ਬੀਤੇ ਦਿਨੀਂ ਦਿੱਲੀ ਦੇ ਮੁੱਖ ਮੰਤਰੀ ਦੇ ਘਰ 'ਤੇ ਮਰੀਜ਼ਾਂ ਨੇ ਧਰਨਾ ਵੀ ਦਿੱਤਾ। ਪਰ ਸਰਕਾਰ 'ਤੇ ਇਸ ਦਾ ਕੋਈ ਅਸਰ ਨਹੀਂ ਹੋਇਆ।

ਰੈਜ਼ੀਡੈਂਟ ਡਾਕਟਰਾਂ ਦੀਆਂ ਮੁਸ਼ਕਿਲਾਂ ਦੇ ਬਾਰੇ 'ਚ ਉਨ੍ਹਾਂ ਨੇ ਦੱਸਿਆ ਕਿ ਇਥੇ ਦੇ ਹੋਸਟਲ 'ਚ 1000 ਰੈਜ਼ੀਡੈਂਟ ਡਾਕਟਰ ਹਨ, ਪਰ ਉਨ੍ਹਾਂ ਦੇ ਰਹਿਣ ਲਈ ਸਿਰਫ਼ 80 ਕਮਰੇ ਹਨ। ਇਸ ਵਜ੍ਹਾ ਨਾਲ ਡਾਕਟਰਾਂ ਨੂੰ ਬਹੁਤ ਦੂਰ-ਦੂਰ ਦੇ ਇਲਾਕਿਆਂ ਤੋਂ ਡਿਊਟੀ 'ਤੇ ਆਉਣਾ ਪੈਂਦਾ ਹੈ। ਜਦਕਿ ਹਸਪਤਾਲ ਦੇ ਕੰਪਲੈਕਸ ਅੰਦਰ ਹੀ ਉਨ੍ਹਾਂ ਨੂੰ ਰਿਹਾਇਸ਼ ਦਿਵਾਉਣਾ ਲਾਜ਼ਮੀ ਹੋਣਾ ਚਾਹੀਦਾ। ਕਦੀ-ਕਦੀ ਰੈਜ਼ੀਡੈਂਟ ਡਾਕਟਰਾਂ ਨੂੰ 36 ਘੰਟੇ ਲਗਾਤਾਰ ਡਿਊਟੀ ਕਰਨੀ ਪੈਂਦੀ ਹੈ।

ਇਨ੍ਹਾਂ ਹਾਲਤਾਂ ਦੇ ਬਾਰੇ ਲੋਕਾਂ ਨੂੰ ਸੱਚਾਈ ਕਦੀ ਨਹੀਂ ਦੱਸੀ ਜਾਂਦੀ। ਡਾਕਟਰ ਦੀ ਜ਼ਿੰਮੇਵਾਰੀ ਮਰੀਜ਼ਾਂ ਦਾ ਠੀਕ ਤਰ੍ਹਾਂ ਇਲਾਜ ਕਰਨਾ ਹੈ। ਡਾਕਟਰ ਦਵਾਈ, ਸਹਾਇਕ ਕਰਮਚਾਰੀਆਂ ਅਤੇ ਮੁੱਢਲੀਆਂ ਸਹੂਲਤਾਂ ਦੀ ਥੁੜ੍ਹੋਂ ਨਾਲ ਮਰੀਜ਼ ਦਾ ਕਿਸ ਤਰ੍ਹਾਂ ਇਲਾਜ ਕਰ ਸਕਦੇ ਹਨ? ਸਰਕਾਰ ਦੀ ਕੋਸ਼ਿਸ਼ ਰਹਿੰਦੀ ਹੈ ਕਿ ਮਰੀਜ਼ਾਂ ਨੂੰ ਡਾਕਟਰਾਂ ਖਿਲਾਫ਼ ਲੜਵਾਇਆ ਜਾਵੇ ਤਾਂਕਿ ਸਰਕਾਰ ਆਪ ਆਪਣੀ ਜ਼ਿੰਮੇਵਾਰੀ ਤੋਂ ਬਚ ਜਾਵੇ।

ਸਰਕਾਰ ਨੇ ਹੜਤਾਲੀ ਰੈਜ਼ੀਡੈਂਟ ਡਾਕਟਰਾਂ ਨੂੰ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਦੀਆਂ ਮੰਗਾਂ 'ਤੇ ਧਿਆਨ ਦਿੱਤਾ ਜਾਵੇਗਾ, ਪਰ ਰੈਜ਼ੀਡੈਂਟ ਡਾਕਟਰਾਂ ਨੂੰ ਸਰਕਾਰ 'ਤੇ ਵਿਸ਼ਵਾਸ ਨਹੀਂ ਹੈ। ਫੈਡਰੇਸ਼ਨ ਆਫ ਰੈਜ਼ੀਡੈਂਟ ਡਾਕਟਰਸ ਐਸੋਸੀਏਸ਼ਨ ਦੇ ਬੁਲਾਰੇ ਨੇ ਮੀਡੀਆ ਨੂੰ ਦੱਸਿਆ ਕਿ ਸਾਡੀ ਹੜਤਾਲ ਦੇ ਸ਼ੁਰੂ ਹੋਣ ਦੇ 24 ਘੰਟੇ ਅੰਦਰ ਸਰਕਾਰ ਨੇ ਐਸਮਾ ਲਾ ਦਿੱਤਾ, ਪਰ ਬੀਤੇ ਤਿੰਨ ਮਹੀਨਿਆਂ ਦੌਰਾਨ ਅਸੀਂ ਜੋ ਮੰਗਾਂ ਚੁੱਕ ਰਹੇ ਹਾਂ, ਉਨ੍ਹਾਂ ਨੂੰ ਪੂਰਾ ਕਰਨ 'ਚ ਕਾਸ਼ ਸਰਕਾਰ ਨੇ ਇੰਨੀ ਜਲਦੀ ਦਿਖਾਈ ਹੁੰਦੀ।

ਮਜ਼ਦੂਰ ਏਕਤਾ ਲਹਿਰ, ਰੈਜ਼ੀਡੈਂਟ ਡਾਕਟਰਾਂ ਦੀ ਇਸ ਜਾਇਜ਼ ਹੜਤਾਲ ਦਾ ਸਮਰਥਨ ਕਰਦੀ ਹੈ। ਮਜ਼ਦੂਰ ਏਕਤਾ ਲਹਿਰ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਸਰਕਾਰ ਅਤੇ ਰਾਜ ਨੂੰ ਆਪਣੇ ਗੁੱਸੇ ਦਾ ਨਿਸ਼ਾਨਾ ਬਣਾਵੋ, ਜੋ ਸਰਕਾਰੀ ਹਸਪਤਾਲਾਂ 'ਚ ਮਰੀਜ਼ਾਂ ਅਤੇ ਰੈਜ਼ੀਡੈਂਟ ਡਾਕਟਰਾਂ ਦੀ ਬੁਰੀ ਹਾਲਤ ਲਈ ਜ਼ਿੰਮੇਵਾਰ ਹੈ।

ਹੜਤਾਲੀ ਰੈਜ਼ੀਡੈਂਟ ਡਾਕਟਰਾਂ ਨੇ ਮੰਗ ਕੀਤੀ ਹੈ ਕਿ:

1. ਉਨ੍ਹਾਂ ਨੂੰ ਹਸਪਤਾਲ ਦੇ ਕੰਪਲੈਕਸ 'ਚ ਰਿਹਾਇਸ਼ ਦਿਵਾਈ ਜਾਵੇ। ਹੋਸਟਲ 'ਚ ਮੁੱਢਲੀਆਂ ਸਹੂਲਤਾਂ ਉਪਲੱਬਧ ਕਰਵਾਈਆਂ ਜਾਣ।
2. ਇੱਕ ਹਫ਼ਤੇ 'ਚ 48 ਘੰਟੇ ਤੋਂ ਜ਼ਿਆਦਾ ਕੰਮ ਕਰਨ ਵਾਲੇ ਰੈਜ਼ੀਡੈਂਟ ਡਾਕਟਰਾਂ ਨੂੰ ਓਵਰਟਾਈਮ ਦਾ ਜ਼ਿਆਦਾ ਭੁਗਤਾਨ ਕੀਤਾ ਜਾਵੇ। ਇਹ ਯਕੀਨੀ ਕੀਤਾ ਜਾਵੇ ਕਿ ਰਾਤ ਦੀ ਡਿਊਟੀ ਤੋਂ ਬਾਅਦ ਉਨ੍ਹਾਂ ਨੂੰ ਦੁਬਾਰਾ ਡਿਊਟੀ 'ਚ ਨਾ ਲਾਇਆ ਜਾਵੇ।
3. ਡਾਕਟਰਾਂ ਅਤੇ ਮਰੀਜ਼ਾਂ ਨੂੰ ਪੀਣ ਵਾਲੇ ਪਾਣੀ ਦੀ ਸਹੂਲਤ ਦਿੱਤੀ ਜਾਵੇ।
4. ਹਰੇਕ ਹਸਪਤਾਲ 'ਚ ਜੇਨੇਰਿਕ ਦਵਾਈਆਂ ਮੁਹੱਈਆ ਕਰਵਾਉਣ ਦੀ ਇੱਕ ਫਾਰਮੇਸੀ ਖੋਲ੍ਹੀ ਜਾਵੇ। ਸਾਰੇ ਹਸਪਤਾਲਾਂ 'ਚ ਜ਼ਰੂਰੀ ਜੀਵਨ ਰੱਖਿਅਕ ਦਵਾਈਆਂ ਅਤੇ ਡਾਕਟਰੀ ਸਾਮਾਨ ਦੀ ਉਪਲੱਬਧਤਾ ਯਕੀਨੀ ਬਣਾਈ ਜਾਵੇ।
5. ਡਾਕਟਰਾਂ ਅਤੇ ਹਸਪਤਾਲ ਕਰਮਚਾਰੀਆਂ ਦੀਆਂ ਖਾਲੀ ਅਸਾਮੀਆਂ ਨੂੰ ਤੁਰੰਤ ਭਰਿਆ ਜਾਵੇ।
6. ਅਪ੍ਰੇਸ਼ਨ ਥਿਏਟਰਾਂ ਦੀ ਗਿਣਤੀ ਨੂੰ ਦੁੱਗਣਾ ਕੀਤਾ ਜਾਵੇ। ਬਿਮਾਰਾਂ ਲਈ ਜ਼ਰੂਰੀ ਗਿਣਤੀ 'ਚ ਬਿਸਤਰਿਆਂ ਦਾ ਪ੍ਰਬੰਧ ਕੀਤਾ ਜਾਵੇ।
7. ਹਸਪਤਾਲ 'ਚ ਸਫ਼ਾਈ ਯਕੀਨੀ ਬਣਾਈ ਜਾਵੇ।
8. ਡਾਕਟਰ ਡਿਊਟੀ ਰੂਮ ਨੂੰ ਦੁਬਾਰਾ ਬਣਾਇਆ ਜਾਵੇ ਅਤੇ ਉਨ੍ਹਾਂ 'ਚ ਏਸੀ ਦਾ ਪ੍ਰਬੰਧ ਕੀਤਾ ਜਾਵੇ। ਸਾਰੇ ਓਪੀਡੀ ਨੂੰ ਏਸੀ ਕੀਤਾ ਜਾਵੇ।
9. ਸਰਕਾਰੀ ਹਸਪਤਾਲਾਂ 'ਚ ਡਾਕਟਰਾਂ ਅਤੇ ਕਰਮਚਾਰੀਆਂ ਦੀ ਨਿਯੁਕਤੀ ਦੀ ਐਡਹਾਕ ਨੀਤੀ ਰੋਕੀ ਜਾਵੇ ਅਤੇ ਰੈਗੂਲਰ ਨਿਯੁਕਤੀ ਕੀਤੀ ਜਾਵੇ।
10. ਹਸਪਤਾਲ 'ਚ ਕੰਮ ਦੇ ਦੌਰਾਨ, ਰੈਜ਼ੀਡੈਂਟ ਡਾਕਟਰਾਂ ਦੀ ਸੁਰੱਖਿਆ ਦਾ ਇੰਤਜ਼ਾਮ ਕੀਤਾ ਜਾਵੇ।

**ਮੈਡੀਕਲ ਦੀ ਪੜ੍ਹਾਈ ਸਮਾਪਤ ਕਰਨ ਤੋਂ ਬਾਅਦ, ਡਾਕਟਰਾਂ ਨੂੰ ਤਜਰਬਾ ਦਿਵਾਉਣ ਲਈ, ਹਸਪਤਾਲਾਂ 'ਚ ਸੀਨੀਅਰ ਮਾਹਰ ਡਾਕਟਰਾਂ ਦੀ ਅਗਵਾਈ 'ਚ ਕੰਮ ਕਰਨ ਲਈ, ਰੈਸੀਡੈਂਟ ਡਾਕਟਰ ਦੇ ਤੌਰ 'ਤੇ ਨਿਯੁਕਤ ਕੀਤਾ ਜਾਂਦਾ ਹੈ। 24 ਘੰਟੇ ਸੱਤ ਦਿਨ ਉਨ੍ਹਾਂ ਨੂੰ ਜਾਂ ਤਾਂ ਪ੍ਰਤੱਖ ਰੂਪ ਨਾਲ ਡਿਊਟੀ 'ਤੇ ਹੋਣਾ ਪੈਂਦਾ ਹੈ ਜਾਂ ਕਿਸੇ ਵੀ ਸਮੇਂ ਡਿਊਟੀ 'ਤੇ ਬੁਲਾਇਆ ਜਾ ਸਕਦਾ ਹੈ। ਹਸਪਤਾਲ ਦੇ ਕੰਪਲੈਕਸ 'ਚ ਹੀ ਉਨ੍ਹਾਂ ਨੂੰ ਰਿਹਾਇਸ਼ ਦੀਆਂ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਉਣਾ ਹਸਪਤਾਲ ਅਧਿਕਾਰੀਆਂ ਦੀ ਜ਼ਿੰਮੇਵਾਰੀ ਹੈ। ਹਰੇਕ ਐਮਰਜੈਂਸੀ ਅਤੇ ਨਾਜ਼ੁਕ ਕੇਸ 'ਚ ਸੱਭ ਤੋਂ ਪਹਿਲਾਂ ਰੈਜ਼ੀਡੈਂਟ ਡਾਕਟਰ ਇਲਾਜ ਕਰਦਾ ਹੈ ਅਤੇ ਫਿਰ ਜ਼ਰੂਰਤ ਅਨੁਸਾਰ ਸੀਨੀਅਰ ਡਾਕਟਰਾਂ ਨੂੰ ਬੁਲਾਇਆ ਜਾਂਦਾ ਹੈ। ਰੈਜ਼ੀਡੈਂਟ ਡਾਕਟਰਾਂ 'ਤੇ ਭਾਰੀ ਜ਼ਿੰਮੇਵਾਰੀ ਹੁੰਦੀ ਹੈ। ਰੈਜ਼ੀਡੈਂਟ ਡਾਕਟਰਾਂ ਨੂੰ ਨਿੱਜੀ ਪ੍ਰੈਕਟਿਸ 'ਤੇ ਰੋਕ ਹੈ। ਉਨ੍ਹਾਂ ਦੀ ਤਨਖਾਹ ਸਰਕਾਰ ਅਤੇ ਹਸਪਤਾਲ ਅਧਿਕਾਰੀਆਂ ਵੱਲੋਂ ਤੈਅ ਕੀਤੀ ਜਾਂਦੀ ਹੈ।**

**ਪਰ ਜਿਵੇਂ ਕਿ ਰੈਜ਼ੀਡੈਂਟ ਡਾਕਟਰਾਂ ਨੇ ਆਪਣੇ ਸੰਘਰਸ਼ਾਂ 'ਚ ਵਾਰ ਵਾਰ ਦੱਸਿਆ ਹੈ, ਸਰਕਾਰ ਅਤੇ ਰਾਜ ਦੇ ਅਧਿਕਾਰੀਆਂ ਨੂੰ ਨਾ ਤਾਂ ਮਰੀਜ਼ਾਂ ਨੂੰ ਸਹੀ ਸਿਹਤ ਦਿਵਾਉਣ 'ਚ ਦਿਲਚਸਪੀ ਹੈ ਨਾ ਹੀ ਰੈਜ਼ੀਡੈਂਟ ਡਾਕਟਰਾਂ ਨੂੰ ਬਿਹਤਰ ਤਰੀਕੇ ਨਾਲ ਮਰੀਜ਼ਾਂ ਦੀ ਸੇਵਾ ਕਰਨ ਲਈ ਜ਼ਰੂਰੀ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਵਾਉਣ 'ਚ। ਯੋਜਨਾਬੱਧ ਢੰਗ ਨਾਲ ਸਰਕਾਰੀ ਹਸਪਤਾਲਾਂ 'ਚ ਸਿਹਤ ਸੇਵਾ ਦੇ ਪੱਧਰ ਨੂੰ ਲਗਾਤਾਰ ਡੇਗਿਆ ਗਿਆ ਹੈ ਤਾਂਕਿ ਲੋਕ ਜ਼ਿਆਦਾ ਤੋਂ ਜ਼ਿਆਦਾ ਗਿਣਤੀ 'ਚ ਨਿੱਜੀ ਸਿਹਤ ਸੇਵਾ ਲੈਣ ਲਈ ਮਜਬੂਰ ਹੋਣ, ਜੋ ਕਿ ਸਿਹਤ ਖੇਤਰ 'ਚ ਵੱਡੀਆਂ-ਵੱਡੀਆਂ ਪੂੰਜੀਵਾਦੀ ਕੰਪਨੀਆਂ ਲਈ ਮੁਨਾਫ਼ੇ ਦਾ ਬਹੁਤ ਵੱਡਾ ਸ੍ਰੋਤ ਹਨ। ਇਸ ਖਿਲਾਫ਼ ਕਈ ਦਹਾਕਿਆਂ ਤੋਂ ਰੈਜ਼ੀਡੈਂਟ ਡਾਕਟਰ ਸੰਗਠਤ ਹੋ ਕੇ ਸੰਘਰਸ਼ ਕਰਦੇ ਆ ਰਹੇ ਹਨ।**

**ਜਦ-ਜਦ ਰੈਜ਼ੀਡੈਂਟ ਡਾਕਟਰਾਂ ਨੇ ਹੜਤਾਲ ਕੀਤੀ ਹੈ, ਉਦੋਂ-ਉਦੋਂ ਰਾਜ ਨੇ ਉਨ੍ਹਾਂ ਨੂੰ 'ਮਰੀਜ਼ਾਂ ਪ੍ਰਤੀ ਜ਼ਾਲਮ', 'ਸਮਾਜ-ਵਿਰੋਧੀ' ਵਰਗੇ ਰੰਗਾਂ 'ਚ ਦਰਸਾਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਜਿਸ ਰਾਜ ਨੂੰ ਆਮ ਤੌਰ 'ਤੇ ਗਰੀਬ ਮਰੀਜ਼ਾਂ ਨੂੰ ਸਿਹਤ ਸੇਵਾ ਮੁਹੱਈਆ ਕਰਵਾਉਣ ਦੀ ਕੋਈ ਪਰਵਾਹ ਨਹੀਂ ਹੈ, ਉਹ ਅਚਾਨਕ ਮਰੀਜ਼ਾਂ ਦੀ ਸਿਹਤ ਪ੍ਰਤੀ ਬਹੁਤ ਚਿੰਤਤ ਹੋ ਜਾਂਦਾ ਹੈ। ਇਹ ਰੈਜ਼ੀਡੈਂਟ ਡਾਕਟਰਾਂ ਦੇ ਜਾਇਜ਼ ਸੰਘਰਸ਼ ਨੂੰ ਲੋਕਾਂ ਦੀਆਂ ਨਜ਼ਰਾਂ 'ਚ ਬਦਨਾਮ ਕਰਨ ਦੀ ਰਾਜ ਦੀ ਸੋਚੀ ਸਮਝੀ ਨੀਤੀ ਹੈ। ਇਸ ਨੂੰ ਨਕਾਰਨ ਲਈ ਰੈਜ਼ੀਡੈਂਟ ਡਾਕਟਰਾਂ ਨੇ ਮਰੀਜ਼ਾਂ ਅਤੇ ਆਮ ਜਨਤਾ ਸਾਹਮਣੇ ਆਪਣੇ ਅਸਲੀ ਹਾਲਾਤ ਅਤੇ ਆਪਣੀਆਂ ਮੰਗਾਂ ਨੂੰ ਰੱਖਦੇ ਹੋਏ. ਉਨ੍ਹਾਂ ਤੋਂ ਆਪਣੇ ਸੰਘਰਸ਼ 'ਚ ਸਮਰਥਨ ਦੀ ਮੰਗ ਕੀਤੀ ਹੈ।**

# ਲੋਕ ਰਾਜ ਸਮਿਤੀਆਂ ਦੀਆਂ ਮੰਗਾਂ...

ਸਫ਼ਾ 5 ਦੀ ਬਾਕੀ

ਹੈ। ਦਿੱਲੀ ਜਲ ਬੋਰਡ ਵਲੋਂ ਕਈਆਂ ਦਹਾਕਿਆਂ ਤੋਂ ਸਥਾਪਤ ਹੋਈਆਂ ਕਲੋਨੀਆਂ ਨੂੰ ਪਾਣੀ ਦੀ ਸਪਲਾਈ ਨਹੀਂ ਕੀਤੀ ਜਾ ਰਹੀ; ਜੇਕਰ ਉਨ੍ਹਾਂ ਨੂੰ ਪਾਣੀ ਮੁਹਈਆ ਕੀਤਾ ਜਾਂਦਾ ਹੈ ਤਾਂ ਇਹ ਟੈਂਕਰਾਂ ਰਾਹੀਂ ਕੀਤਾ ਜਾਂਦਾ ਹੈ। ਨਾ ਕੇਵਲ ਲੋਕ ਰਾਜ ਸੰਗਠਨ ਦੇ ਮੈਂਬਰ ਹੀ, ਬਲਕਿ ਆਮ ਲੋਕ ਵੀ ਸਾਲਾਂ-ਬੱਧੀ ਪਾਣੀ ਵਾਲੇ ਟੈਂਕਰਾਂ ਨੂੰ ਸਿਆਸੀ ਫੁੱਟਬਾਲ ਬਣਾ ਕੇ ਵੋਟ ਬੈਂਕ ਦੇ ਤੌਰ ਉਤੇ ਵਰਤੇ ਜਾਣ ਦੇ ਖਿਲਾਫ ਬਹੁਤ ਗੁੱਸੇ ਵਿਚ ਹਨ। ਇਨ੍ਹਾਂ ਕਈ ਦਹਾਕਿਆਂ ਵਿਚ ਕਲੋਨੀਆਂ ਦੇ ਪ੍ਰਵਾਰਾਂ ਦੇ ਹਰ ਮੈਂਬਰ ਨੂੰ ਘਰ ਵਿਚ ਪਾਣੀ ਵਰਤਣ ਲਈ ਲੈਣ ਲਈ ਚੋਖਾ ਵਕਤ ਜ਼ਾਇਆ ਕਰਨਾ ਪੈਂਦਾ ਹੈ। ਇਹ ਵੀ ਜ਼ਰੂਰੀ ਨਹੀਂ ਕਿ ਸਪਲਾਈ ਕੀਤਾ ਜਾਣ ਵਾਲਾ ਪਾਣੀ ਪੀਣ ਦੇ ਲਾਇਕ ਹੋਵੇ। ਵਿਦਿਆਰਥੀਆਂ ਨੂੰ ਵੀ ਪਾਣੀ ਲੈਣ ਵਾਸਤੇ ਆਪਣਾ ਕੀਮਤੀ ਵਕਤ ਖਰਾਬ ਕਰਨਾ ਪੈਂਦਾ ਹੈ। ਕਲੋਨੀਆਂ ਦੇ ਵਸਨੀਕਾਂ ਦਾ ਸਵਾਲ ਹੈ ਕਿ ਜੇਕਰ ਹਰ ਪ੍ਰਵਾਰ ਨੂੰ ਮੀਟਰ ਲਾ ਕੇ ਬਿਜਲੀ ਮਿਲ ਸਕਦੀ ਹੈ ਤਾਂ ਮੀਟਰ ਲਾ ਕੇ ਪਾਣੀ ਕਿਉਂ ਨਹੀਂ ਦਿੱਤਾ ਜਾ ਸਕਦਾ?

### ਸੀਵਰ ਅਤੇ ਪਬਲਿਕ ਪਖਾਨੇ

ਸਰਕਾਰ ਮੀਡੀਏ ਵਿਚ ਇਸ਼ਤਿਹਾਰ ਦੇ ਕੇ ਲੋਕਾਂ ਨੂੰ ਪਖਾਨਿਆਂ ਦੀ ਵਰਤੋਂ ਕਰਨ ਦਾ ਪ੍ਰਚਾਰ ਕਰਦੀ ਹੈ। ਪਰ ਅਸਲੀਅਤ ਇਹ ਹੈ ਕਿ ਦਿੱਲੀ ਦੀਆਂ ਬਹੁਤ ਸਾਰੀਆਂ ਪੁਰਾਣੀਆਂ ਅਤੇ ਘਣੀ ਵਸੋਂ ਵਾਲੀਆਂ ਮਜ਼ਦੂਰ ਜਮਾਤ ਦੀਆਂ ਕਲੋਨੀਆਂ ਨੂੰ ਸੀਵਰ ਤਾਣੇ ਬਾਣੇ ਨਾਲ ਜੋੜਿਆ ਹੀ ਨਹੀਂ ਗਿਆ। ਸੱਭ ਜਾਣਦੇ ਹਨ ਕਿ ਬਹੁਤ ਸਾਰੀਆਂ ਬਸਤੀਆਂ ਵਿਚ ਸਰਬਜਨਕ ਪਖਾਨੇ ਨਹੀਂ ਹਨ। ਇਸ ਕਰਕੇ ਲੋਕ ਖੁੱਲ੍ਹੇ ਥਾਵਾਂ ਵਿਚ ਟੱਟੀ-ਪਿਸ਼ਾਬ ਕਰਨ ਤੇ ਮਜਬੂਰ ਹਨ। ਸਿਆਸੀ ਪਾਰਟੀਆਂ ਇਸ ਮਸਲੇ ਦਾ ਹੱਲ ਨਾ ਕਰਨ ਵਾਸਤੇ ਇੱਕ-ਦੂਜੇ ਉਤੇ ਦੂਸ਼ਣਬਾਜ਼ੀ ਕਰਕੇ ਵੋਟ ਬੈਂਕ ਸਿਆਸਤ ਖੇਡਦੀਆਂ ਹਨ, ਪਰ ਜਦੋਂ ਉਹ ਸੱਤਾ ਵਿਚ ਹੁੰਦੀਆਂ ਹਨ ਤਾਂ ਇਸ ਮਸਲੇ ਨੂੰ ਹਲ ਨਹੀਂ ਕਰਦੀਆਂ। ਸਮਿਤੀਆਂ ਨੇ ਮੰਗ ਉਠਾਈ ਹੈ ਕਿ ਇਸ ਮਸਲੇ ਦਾ ਪੱਕਾ ਹੱਲ ਕਰਨ ਵਾਸਤੇ ਸੀਵਰ ਤਾਣੇ ਬਾਣੇ ਦਾ ਪ੍ਰਬੰਧ ਕੀਤਾ ਜਾਵੇ ਅਤੇ ਸਰਬਜਨਕ ਪਖਾਨੇ ਬਣਾਏ ਜਾਣ।

ਇਸ ਨਾਲ ਸਬੰਧ ਰੱਖਣ ਵਾਲਾ ਇੱਕ ਹੋਰ ਮਾਮਲਾ ਸਰਬਜਨਕ ਪਖਾਨਿਆਂ ਦੀ ਭੈੜੀ ਹਾਲਤ ਹੈ। ਖਾਸ ਕਰਕੇ ਓਖਲਾ ਦੇ ਉਦਯੋਗਕ ਖੇਤਰ ਵਿਚ, ਜਿੱਥੇ ਫੈਕਟਰੀਆਂ ਅਤੇ ਕੰਪਨੀਆਂ ਵਿਚ ਕੰਮ ਕਰਨ ਵਾਲੇ ਹਜ਼ਾਰਾਂ ਦੇ ਹਜ਼ਾਰ ਲੋਕ ਰਹਿੰਦੇ ਹਨ, ਉਥੇ ਇੱਕ ਵੀ ਪਬਲਿਕ ਪਖਾਨਾ ਨਹੀਂ! ਖਾਸ ਕਰਕੇ ਮਜ਼ਦੂਰ ਔਰਤਾਂ ਇਸ ਤੋਂ ਬਹੁਤ ਜ਼ਿਆਦਾ ਤੰਗ ਹਨ।

### ਟਰਾਂਸਪੋਰਟ

ਝੁੱਗੀ-ਝੌਂਪੜੀ ਅਤੇ ਮੁੜ-ਵਸੇਬਾ ਕਲੋਨੀਆਂ ਦੇ ਵਸਨੀਕਾਂ ਨੂੰ ਆਪਣਾ ਰੁਜ਼ਗਾਰ ਕਮਾਉਣ ਵਾਸਤੇ ਦੂਰ ਦੂਰ ਤਕ ਸਫਰ ਕਰਕੇ ਜਾਣਾ ਪੈਂਦਾ ਹੈ। ਕਿਉਂਕਿ ਸਰਕਾਰੀ ਬੱਸਾਂ (ਡੀ.ਟੀ.ਸੀ.) ਜਾਂ ਤਾਂ ਉਨ੍ਹਾਂ ਦੇ ਇਲਾਕੇ ਦੇ ਨੇੜਿਉਂ ਦੀ ਹੋ ਕੇ ਨਹੀਂ ਜਾਂਦੀਆਂ ਅਤੇ ਜਾਂ ਇਨ੍ਹਾਂ ਦੀ ਸਰਵਿਸ ਬਹੁਤ ਘੱਟ ਹੈ, ਇਸ ਲਈ ਉਨ੍ਹਾਂ ਨੂੰ ਪ੍ਰਾਈਵੇਟ ਵਾਹਨਾਂ ਜਾਂ ਟਰਾਂਸਪੋਰਟ ਮਾਫੀਏ ਦੇ ਵਾਹਨਾਂ ਉੱਤੇ ਨਿਰਭਰ ਹੋਣਾ ਪੈਂਦਾ ਹੈ। ਇਨ੍ਹਾਂ ਵਾਹਨਾਂ ਵਿਚ ਭੀੜ-ਭੜੱਕਾ, ਛੇੜਖਾਨੀ, ਜੇਬ-ਕਟੀ ਜਾਣੀ ਅਤੇ ਲੜਾਈ ਝਗੜਾ ਹਰ ਰੋਜ਼ ਦਾ ਮਾਮਲਾ ਹੈ।

ਇਸ ਲਈ ਇਹ ਮੰਗ ਕੀਤੀ ਗਈ ਕਿ ਓਖਲਾ ਉਦਯੋਗ ਖੇਤਰ ਵਿਚ ਡੀ.ਟੀ.ਸੀ. ਦੇ ਰੂਟ 433 ਅਤੇ 407 ਦੀਆਂ ਬੱਸਾਂ ਆਪਣੇ ਪੁਰਾਣੇ ਰੂਟ ਉਤੇ ਅਤੇ ਜਿਆਦਾ ਬੱਸਾਂ ਚਲਣੀਆਂ ਚਾਹੀਦੀਆਂ ਹਨ; ਅਤੇ ਮਦਨਪੁਰ ਖਾਦਰ ਮੁੜ-ਵਸੇਬਾ ਕਲੋਨੀ ਨੂੰ ਡੀ.ਟੀ.ਸੀ. ਦੀਆਂ ਜ਼ਿਆਦਾ ਬੱਸਾਂ ਲੱਗਣੀਆਂ ਚਾਹੀਦੀਆਂ ਅਤੇ ਇਨ੍ਹਾਂ ਦੇ ਚੱਲਣ ਦੇ ਟਾਈਮ ਵੀ ਵਧ ਹੋਣੇ ਚਾਹੀਦੇ ਹਨ।

### ਸਵਾਸਥ ਸੇਵਾ

ਸਵਾਸਥ ਸੇਵਾ ਪ੍ਰਾਪਤ ਹੋਣਾ ਹਰ ਇਨਸਾਨ ਦਾ ਬੁਨਿਆਦੀ ਹੱਕ ਹੈ। ਖਾਸ ਕਰਕੇ ਜਿਨ੍ਹਾਂ ਇਲਾਕਿਆਂ ਵਿਚ ਲੋਕ ਰਾਜ ਸੰਗਠਨ ਸਰਗਰਮ ਹੈ, ਉਥੇ ਵਸੋਂ ਸੰਘਣੀ ਹੈ ਅਤੇ ਉਹ ਕਾਫੀ ਵੱਡੇ ਇਲਾਕੇ ਹਨ। ਉਨ੍ਹਾਂ ਦੇ ਨੇੜੇ ਕੋਈ ਚੰਗਾ ਹਸਪਤਾਲ ਨਹੀਂ, ਇਥੋਂ ਤਕ ਕਿ ਬੁਨਿਆਦੀ ਸਵਾਸਥ ਕੇਂਦਰ ਵੀ ਇਨ੍ਹਾਂ ਇਲਾਕਿਆਂ ਵਿਚ ਗਾਇਬ ਹਨ। ਇਹਦਾ ਕਰਕੇ ਲੋਕਾਂ ਨੂੰ ਨਿੱਜੀ ਚਕਿਤਸਾਲਿਆਂ ਅਤੇ ਹਸਪਤਾਲਾਂ ਵਿਚ ਜਾਣਾ ਪੈਂਦਾ ਹੈ। ਇਸ ਲਈ ਇਹ ਮੰਗ ਕੀਤੀ ਗਈ ਹੈ ਕਿ ਸੱਭ ਇਲਾਕਿਆਂ ਵਿਚ ਬੁਨਿਆਦੀ ਸਵਾਸਥ ਕੇਂਦਰ ਖੋਲ੍ਹੇ ਜਾਣ ਅਤੇ ਵਸੋਂ ਦੇ ਸੰਘਣੇਪਣ ਦੇ ਅਧਾਰ ਉਤੇ ਨਵੇਂ ਹਸਪਤਾਲ ਖੋਲ੍ਹੇ ਜਾਣ।

### ਪੜ੍ਹਾਈ

ਸਰਕਾਰੀ ਸਕੂਲਾਂ ਵਿਚ ਪੜ੍ਹਾਈ ਦਾ ਮਿਆਰ ਹਮੇਸ਼ਾ ਤੋਂ ਗਿਰਦਾ ਆ ਰਿਹਾ ਹੈ। ਕਈਆਂ ਸਾਲਾਂ ਤੋਂ ਲੈ ਕੇ ਅਧਿਆਪਕਾਂ ਦੀਆਂ ਖਾਲ੍ਹੀ ਅਸਾਮੀਆਂ ਨਹੀਂ ਭਰੀਆਂ ਗਈਆਂ। ਸਕੂਲਾਂ ਵਿਚ ਪੀਣ ਵਾਲਾ ਪਾਣੀ, ਪਖਾਨੇ, ਖੇਲ-ਕੁੱਦ ਦੀਆਂ ਸਹੂਲਤਾਂ ਅਤੇ ਖੇਡ-ਗਰਾਊਂਡਾਂ ਦੀ ਘਾਟ ਆਮ ਹੀ ਹੈ। ਬਹੁਤ ਸਾਰੀਆਂ ਕਲੋਨੀਆਂ ਵਿਚ ਜਾਂ ਉਨ੍ਹਾਂ ਦੇ ਨੇੜੇ ਤੇੜੇ ਸਕੂਲ ਹੈਨ ਹੀ ਨਹੀਂ, ਇਸ ਕਰਕੇ ਵਿਦਿਆਰਥੀਆਂ ਨੂੰ ਦੂਰ ਦੂਰ ਤਕ ਸਫਰ ਕਰਕੇ ਜਾਣਾ ਪੈਂਦਾ ਹੈ। ਇਸ ਕਰਕੇ ਇਹ ਮੰਗ ਕੀਤੀ ਗਈ ਹੈ ਕਿ ਸਕੂਲਾਂ ਵਿਚ ਬੁਨਿਆਦੀ ਸਹੂਲਤਾਂ ਮੁਹੱਈਆ ਕੀਤੀਆਂ ਜਾਣ ਅਤੇ ਜਿੱਥੇ ਵੀ ਜ਼ਰੂਰਤ ਹੋਵੇ ਉਥੇ ਨਵੇਂ ਸਕੂਲ ਖੋਲ੍ਹੇ ਜਾਣ ਅਤੇ ਲੋੜ ਦੇ ਮੁਤਾਬਕ ਅਧਿਆਪਕਾਂ ਦੀਆਂ ਨਿਯੁਕਤੀਆਂ ਕੀਤੀਆਂ ਜਾਣ।

### ਗੰਦੇ ਨਾਲਿਆਂ ਨੂੰ ਢੱਕਣ ਦੀ ਮੰਗ

ਮੰਗ ਕੀਤੀ ਗਈ ਹੈ ਕਿ ਸਰਦਾਰ ਕਲੋਨੀ, ਰੋਹਿਣੀ, ਇੰਦਰਾ ਕਲਿਆਣ ਵਿਹਾਰ, ਅਤੇ ਜਸੋਲਾ ਪਿੰਡ ਵਿਚ ਖੁੱਲੇ ਗੰਦੇ ਨਾਲਿਆਂ ਨੂੰ ਢੱਕਿਆ ਜਾਵੇ। ਇਹ ਖੁਲ੍ਹੇ ਗੰਦੇ ਨਾਲ ਖਤਰਨਾਕ ਹਨ ਅਤੇ ਛੋਟੇ ਬੱਚਿਆਂ ਵਾਸਤੇ ਜਾਨਲੇਵਾ ਸਾਬਤ ਹੋ ਸਕਦੇ ਹਨ ਅਤੇ ਇਨ੍ਹਾਂ ਦੇ ਨੇੜੇ ਰਹਿਣ ਵਾਲੇ ਵਸਨੀਕਾਂ ਦੀ ਸੇਹਤ ਲਈ ਵੀ ਹਾਨੀਕਾਰਕ ਹਨ।

### ਸੜਕਾਂ ਬਣਾਉਣ ਦੀ ਮੰਗ

ਸੰਗਮ ਵਿਹਾਰ ਖੁਦ ਇੱਕ ਵਿਧਾਨਸਭਾ ਹਲਕਾ ਹੈ। ਇਸ ਨੂੰ ਏਸ਼ੀਆ ਦੀ ਸੱਭ ਤੋਂ ਵੱਡੀ ਕਲੋਨੀ ਮੰਨਿਆਂ ਜਾਂਦਾ ਹੈ। ਇਥੋਂ ਸਵੇਰ ਵੇਲੇ ਹਜ਼ਾਰਾਂ ਹੀ ਮਜ਼ਦੂਰ ਕੰਮ ਕਰਨ ਲਈ ਬਾਹਰ ਜਾਂਦੇ ਹਨ ਅਤੇ ਸ਼ਾਮ ਵੇਲੇ ਮੁੜਦੇ ਹਨ। ਪਰ ਇਸ ਦੇ ਅੰਦਰ ਦਾਖਲੇ ਲਈ ਅਤੇ ਬਾਹਰ ਆਉਣ ਲਈ ਕੇਵਲ ਦੋ ਹੀ ਸੜਕਾਂ ਹਨ, ਇਨ੍ਹਾਂ ਸੜਕਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਗਿਣਤੀ ਦੇ ਹਿਸਾਬ ਨਾਲ ਇਹ ਬਹੁਤ ਹੀ ਛੋਟੀਆਂ ਹਨ। ਇਸ ਕਰਕੇ ਇਥੇ ਦਾਖਲ ਹੋਣ ਅਤੇ ਨਿਕਲਣ ਵਿਚ ਲੋਕਾਂ ਦਾ ਬਹੁਤ ਸਮਾਂ ਬਰਬਾਦ ਹੁੰਦਾ ਹੈ। ਇਥੋਂ ਦੇ ਵਸਨੀਕਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਇਥੇ ਨਿਕਾਸ ਅਤੇ ਦਾਖਲੇ ਵਾਸਤੇ ਹੋਰ ਸੜਕਾਂ ਬਣਾਈਆਂ ਜਾਣ। ਲੋਕਾਂ ਦੀ ਮੰਗ ਹੈ ਕਿ ਕਲੋਨੀ ਦੇ ਅੰਦਰ ਵਾਲੀਆਂ ਕੱਚੀਆਂ ਸੜਕਾਂ, ਗਲੀਆਂ ਅਤੇ ਫੁੱਟਪਾਥਾਂ ਨੂੰ ਪੱਕਾ ਕੀਤਾ ਜਾਵੇ ਅਤੇ ਬਾਰਸ਼ ਦੇ ਪਾਣੀ ਦੇ ਨਿਕਾਸ ਵਾਸਤੇ ਡਰੇਨਾਂ ਪਾਈਆਂ ਜਾਣ।

### ਸੱਭਿਆਚਾਰਕ ਅਤੇ ਮਨੋਰੰਜਨ ਕੇਂਦਰ

ਸਾਰੀਆਂ ਕਲੋਨੀਆਂ ਦੀਆਂ ਸਮਿਤੀਆਂ ਨੇ ਮੰਗ ਕੀਤੀ ਹੈ ਕਿ ਸੱਭ ਕਲੋਨੀਆਂ ਵਿਚ ਨੌਜਵਾਨਾਂ ਅਤੇ ਬੱਚਿਆਂ ਵਾਸਤੇ ਸੱਭਿਆਚਾਰਕ ਅਤੇ ਮਨੋਰੰਜਨ ਕੇਂਦਰ ਖੋਲ੍ਹੇ ਜਾਣ।

ਸਾਰੀਆਂ ਕਲੋਨੀਆਂ ਦੀਆਂ ਲੋਕ ਰਾਜ ਸੰਗਠਨ ਸਮਿਤੀਆਂ ਨੇ ਫੈਸਲੇ ਕੀਤੇ ਹਨ ਕਿ ਉਹ ਨਿਯਮਿਤ ਵਖ਼ਫੇ ਨਾਲ ਆਪਣੀਆਂ ਮੀਟਿੰਗਾਂ ਕਰਨਗੇ ਅਤੇ ਸਮੇਂ ਸਮੇਂ ਉਤੇ ਆਪਣੇ ਪ੍ਰਤੀਨਿਧ ਮੰਡਲ ਸਰਕਾਰ ਉੱਤੇ ਆਪਣੀਆਂ ਮੰਗਾਂ ਮਨਾਉਣ ਲਈ ਦਬਾਅ ਪਾਉਣ ਵਾਸਤੇ ਵੱਖ ਵੱਖ ਮਹਿਕਮਿਆਂ ਨੂੰ ਮਿਲਣ ਲਈ ਭੇਜਿਆ ਕਰਨਗੇ। ■

# ਦੇਸ਼ ਦੇ ਜਨਤਕ ਪ੍ਰਸਾਰਕ — ਪ੍ਰਸਾਰ ਭਾਰਤੀ ਦੀ ਗਿਣਮਿਥੇ ਢੰਗ ਨਾਲ ਬਰਬਾਦੀ

ਪ੍ਰਸਾਰ ਭਾਰਤੀ ਹਿੰਦੁਸਤਾਨ ਦਾ ਸਰਵਜਨਕ ਪ੍ਰਸਾਰਕ ਹੈ। ਇਸ ਦੀ ਸਥਾਪਨਾ ਇੱਕ ਸੰਵਿਧਾਨਕ ਅਦਾਰੇ ਦੇ ਰੂਪ 'ਚ ਪ੍ਰਸਾਰ ਭਾਰਤੀ ਕਾਨੂੰਨ (1990) ਦੇ ਤਹਿਤ 1997 'ਚ ਕੀਤੀ ਗਈ ਸੀ। ਇਹ ਤਰਤੀਬਵਾਰ ਰਾਸ਼ਟਰੀ ਰੇਡੀਓ ਅਤੇ ਟੀ.ਵੀ. ਨੈੱਟਵਰਕਾਂ, ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਦਾ ਨਿਰਦੇਸ਼ਨ ਅਤੇ ਰੈਗੂਲੇਸ਼ਨ ਕਰਦਾ ਹੈ। ਇਸਤੋਂ ਪਹਿਲਾਂ ਇਹ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਤਹਿਤ ਪ੍ਰਸਾਰ ਮਾਧਿਅਮ ਇਕਾਈ ਦੇ ਤੌਰਤੇ ਕੰਮ ਕਰਦੇ ਸਨ ਅਤੇ 1997 ਤੋਂ ਬਾਅਦ ਇਹ ਪ੍ਰਸਾਰ ਭਾਰਤੀ ਦਾ ਹਿੱਸੇ ਬਣ ਗਏ।

ਪਿਛਲੇ 25 ਵਰ੍ਹਿਆਂ ਦੌਰਾਨ ਇੱਕ ਤੋਂ ਬਾਅਦ ਇੱਕ ਸਰਕਾਰਾਂ ਨੇ, ਜਾਣ-ਬੁੱਝ ਕੇ ਅਤੇ ਯੋਜਨਾਬੱਧ ਤਰੀਕੇ ਨਾਲ ਹਿੰਦੁਸਤਾਨ ਦੇ ਜਨਤਕ ਪ੍ਰਸਾਰਕ ਦੇ ਵਿਨਾਸ਼ ਦਾ ਕੰਮ ਕੀਤਾ ਹੈ।

ਪਿਛਲੇ 25 ਵਰ੍ਹਿਆਂ ਦੌਰਾਨ ਆਪਣੇ ਦੇਸ਼ 'ਚ ਇਲੈਕਟ੍ਰਾਨਿਕ ਪ੍ਰਸਾਰ ਮਾਧਿਅਮ, ਰੇਡੀਓ ਅਤੇ ਟੀਵੀ, ਦੋਵਾਂ 'ਚ ਤੇਜ਼ੀ ਨਾਲ ਵਾਧਾ ਹੋਇਆ ਹੈ। ਅੱਜ ਪ੍ਰਸਾਰ ਮਾਧਿਅਮ ਆਪਣੇ ਦੇਸ਼ ਦੇ ਹਰੇਕ ਪਿੰਡ ਤੱਕ ਪੁੱਜ ਗਿਆ ਹੈ। ਸੰਚਾਰ ਸੈਟੇਲਾਈਟਾਂ ਨਾਲ ਇਹ ਯਕੀਨੀ ਹੁੰਦਾ ਹੈ ਕਿ ਟੀ.ਵੀ. ਚੈਨਲ ਪੂਰੇ ਦੇਸ਼ 'ਚ ਦੇਖੇ ਜਾ ਸਕਦੇ ਹਨ। ਇਨ੍ਹਾਂ ਰਾਹੀਂ ਲੋਕਾਂ ਲਈ ਸੂਚਨਾ, ਸਿੱਖਿਆ ਅਤੇ ਮਨੋਰੰਜਨ ਮੁਹੱਈਆ ਕਰਵਾਇਆ ਜਾ ਸਕਦਾ ਹੈ। ਪਰ, ਹਿੰਦੁਸਤਾਨ ਦੇ ਹੁਕਮਰਾਨ ਵਰਗ ਦੇ ਦ੍ਰਿਸ਼ਟੀਕੋਣ ਨਾਲ ਪ੍ਰਸਾਰ ਭਾਰਤੀ ਨੂੰ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਾਲੀ ਇੱਕ ਸੇਵਾ ਦੇ ਤੌਰ 'ਤੇ ਨਹੀਂ ਦੇਖਿਆ ਗਿਆ ਹੈ। ਇਸ ਤੋਂ ਉਲਟ, ਇੱਕ ਤੋਂ ਬਾਅਦ ਇੱਕ ਸਰਕਾਰਾਂ ਨੇ ਸੱਭ ਤੋਂ ਵੱਡੇ ਏਕਾਧਿਕਾਰੀਆਂ ਦੇ ਹਿੱਤਾਂ ਦੇ ਸਮਰਥਨ 'ਚ ਇਹ ਯਕੀਨੀ ਬਣਾਉਣ ਦਾ ਕੰਮ ਕੀਤਾ ਹੈ ਕਿ ਇਲੈਕਟ੍ਰਾਨਿਕ ਪ੍ਰਸਾਰ ਮਾਧਿਅਮ ਸੱਭ ਤੋਂ ਵੱਡੇ ਪੂੰਜੀਵਾਦੀ ਏਕਾਧਿਕਾਰੀਆਂ ਦੇ ਦਬਦਬਾਅ ਅਤੇ ਕਾਬੂ ਵਿਚ ਰਹੇ। ਪੂੰਜੀਵਾਦੀ ਏਕਾਧਿਕਾਰੀ ਇਲੈਕਟ੍ਰਾਨਿਕ ਪ੍ਰਸਾਰ ਮਾਧਿਅਮਾਂ 'ਚ ਨਾ ਸਿਰਫ਼ ਮੁਨਾਫਾ ਬਣਾਉਣ ਦਾ ਇੱਕ ਰਸਤਾ ਦੇਖਦੇ ਹਨ, ਬਲਕਿ ਇਸ ਨੂੰ ਮਜ਼ਦੂਰ ਵਰਗ ਅਤੇ ਮਿਹਨਤਕਸ਼ ਲੋਕਾਂ ਦੇ ਦਿਮਾਗਾਂ 'ਤੇ ਕਾਬੂ ਕਰਨ ਅਤੇ ਕੰਟਰੋਲ'ਚ ਰੱਖਣ ਲਈ ਇਸਤੇਮਾਲ ਕਰਦੇ ਹਨ ਅਤੇ ਉਨ੍ਹਾਂ ਨੂੰ ਹੁਕਮਰਾਨ ਵਰਗ ਦੇ ਪ੍ਰੋਗਰਾਮ ਤਹਿਤ ਰੱਖਦੇ ਹਨ। ਇਸ ਤਰ੍ਹਾਂ ਦਾ ਸੱਭ ਕੁੱਝ "ਪ੍ਰਗਟਾਵੇ ਦੀ ਆਜ਼ਾਦੀ", "ਪ੍ਰਸਾਰ ਮਾਧਿਅਮ 'ਤੇ ਸਰਕਾਰ ਦੇ ਕੰਟਰੋਲ ਨੂੰ ਸਮਾਪਤ ਕਰਨ", "ਮੁਕਾਬਲਾ ਕਰਨ ਦੀ ਆਜ਼ਾਦੀ", ਆਦਿ ਦੇ ਨਾਂ 'ਤੇ ਕੀਤਾ ਜਾਂਦਾ ਹੈ। ਇਸ ਸਮੇਂ 'ਚ, ਟੀ.ਵੀ. ਅਤੇ ਰੇਡੀਓ ਚੈਨਲਾਂ ਦੀ ਗਿਣਤੀ 'ਚ ਤੇਜ਼ੀ ਨਾਲ ਵਿਸਥਾਰ ਦੇ ਪਿੱਛੇ ਪ੍ਰਸਾਰ ਮਾਧਿਅਮਾਂ 'ਤੇ ਏਕਾਧਿਕਾਰੀਆਂ ਦਾ ਵਧਦਾ ਕੰਟਰੋਲ ਹੈ। ਇਨ੍ਹਾਂ ਹੀ ਏਕਾਧਿਕਾਰੀਆਂ ਦੇ ਹਿੱਤ 'ਚ ਪ੍ਰਸਾਰ ਭਾਰਤੀ ਨੂੰ ਬਰਬਾਦ ਕੀਤਾ ਜਾ ਰਿਹਾ ਹੈ।

ਪ੍ਰਸਾਰ ਭਾਰਤੀ ਦੇ ਕਰਮਚਾਰੀਆਂ 'ਚ ਹਰ ਪੱਧਰ 'ਤੇ ਜ਼ਬਰਦਸਤ ਬੇਚੈਨੀ ਹੈ। ਪ੍ਰਸਾਰ ਭਾਰਤੀ ਦੀ ਵੈੱਬਸਾਈਟ ਤੋਂ ਸੰਕੇਤ ਮਿਲਦਾ ਹੈ ਕਿ ਕਰਮਚਾਰੀਆਂ 'ਚ ਕੰਮ ਦੇ ਹਾਲਾਤ ਬਾਰੇ ਡੂੰਘਾ ਅਸੰਤੋਸ਼ ਹੈ। ਪ੍ਰਧਾਨ, ਸੀ.ਈ.ਓ., ਪ੍ਰਸਾਰ ਭਾਰਤੀ ਪ੍ਰੀਸ਼ਦ ਦੇ ਮੈਂਬਰਾਂ, ਸੂਚਨਾ ਅਤੇ ਪ੍ਰਸਾਰ ਮੰਤਰਾਲਾ ਅਤੇ ਹੋਰ ਸੀਨੀਅਰ ਅਫਸਰਾਂ ਤੋਂ ਉਹ ਆਪਣੀ ਤਰੱਕੀ, ਭਰਤੀ, ਆਦਿ ਦੀਆਂ ਨੀਤੀਆਂ ਅਤੇ ਵਿਵਸਥਾਵਾਂ, ਠੇਕਾ ਮਜ਼ਦੂਰੀ, ਆਦਿ ਦੇ ਬਾਰੇ 'ਚ ਵਾਰ-ਵਾਰ ਸਵਾਲ ਕਰ ਰਹੇ ਹਨ। ਵਾਰ-ਵਾਰ ਪ੍ਰਸ਼ਨਾਂ ਦੇ ਪੁੱਛੇ ਜਾਣ ਅਤੇ ਵਿਰੋਧ ਪ੍ਰਦਰਸ਼ਨਾਂ ਦੇ ਹੋਣ 'ਤੇ ਪ੍ਰਸਾਰ ਭਾਰਤੀ ਦੇ ਸਕੱਤਰ ਮੰਡਲ ਨੂੰ ਮੰਨਣਾ ਪਿਆ ਹੈ ਕਿ ਇੱਕ ਤੋਂ ਬਾਅਦ ਇੱਕ, ਲਗਾਤਾਰ ਸਰਕਾਰਾਂ ਨੇ ਪ੍ਰਸਾਰ ਭਾਰਤੀ ਨੂੰ ਬਰਬਾਦ ਕਰਨ ਦਾ ਕੰਮ ਕੀਤਾ ਹੈ। ਅਧਿਕਾਰਤ ਵੈੱਬਸਾਈਟ 'ਤੇ ਸਕੱਤਰ ਮੰਡਲ ਦੀ ਪੇਸ਼ਕਾਰੀ 'ਚ ਦਿੱਤੇ ਗਏ ਤੱਥਾਂ 'ਚ ਅਧੁਨਿਕ ਸੰਚਾਰ ਦੇ ਇਸ ਮਹੱਤਵਪੂਰਣ ਖੇਤਰ 'ਚ ਪ੍ਰਸਾਰ ਭਾਰਤੀ ਦੇ ਮਜ਼ਦੂਰਾਂ ਦੇ ਭਿਆਨਕ ਹਾਲਾਤ 'ਤੇ ਚਾਨਣਾ ਪਿਆ ਹੈ।

### ਕਰਮਚਾਰੀਆਂ ਦੀ ਗਿਣਤੀ 'ਚ ਵੱਡੀ ਥੁੜ੍ਹੋਂ ਅਤੇ ਨਵੀਆਂ ਨਿਯੁਕਤੀਆਂ ਦੀ ਅਣਹੋਂਦ

ਪ੍ਰਸਾਰ ਭਾਰਤੀ ਦਾ ਕੰਮ ਦੋ ਵੱਡੇ ਡਾਇਰੈਕਟੋਰੇਟਾਂ (ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ) 'ਤੇ ਨਿਗਰਾਨੀ ਰੱਖਣਾ ਹੈ, ਜਿਨ੍ਹਾਂ ਦਾ ਸਾਲਾਨਾ ਬੱਜਟ ਲੱਗਪਗ 3500 ਕਰੋੜ ਹੈ ਅਤੇ ਜਿਨ੍ਹਾਂ 'ਚ ਲੱਗਪਗ 33,000 ਪੱਕੇ ਕਰਮਚਾਰੀ ਹਨ ਅਤੇ ਹਜ਼ਾਰਾਂ ਹੀ ਬੇਕਾਇਦਾ ਅਤੇ ਹੋਰ ਮਜ਼ਦੂਰ ਹਨ। ਪ੍ਰਸਾਰ ਭਾਰਤੀ ਦੇ ਬੋਰਡ ਦੇ ਸਕੱਤਰ, ਪ੍ਰਸਾਰ ਭਾਰਤੀ ਕਮੇਟੀ ਦੀ ਸੇਵਾ ਵਿਚ ਹਨ ਅਤੇ ਮੰਤਰਾਲੇ ਦੇ ਸੰਪਰਕ ਵਿਚ ਰਹਿੰਦਾ ਹੈ। ਇਸ ਲਈ ਇਸ ਦੀ ਜ਼ਿੰਮੇਵਾਰੀ ਹੈ ਕਿ ਸਰਕਾਰੀ ਮਨਜ਼ੂਰੀ ਨਾਲ ਕੰਮ ਸਬੰਧੀ ਨੀਤੀਆਂ ਬਣਾਏ ਅਤੇ ਉਨ੍ਹਾਂ ਨੂੰ ਲਾਗੂ ਕਰੇ ਅਤੇ ਮਨਜ਼ੂਰੀ ਤੋਂ ਬਾਅਦ ਉਨ੍ਹਾਂ 'ਤੇ ਨਿਗਰਾਨੀ ਰੱਖੇ। ਪਰ ਪ੍ਰਸਾਰ ਭਾਰਤੀ ਸਕੱਤਰ ਮੰਡਲ 'ਚ ਸਿਰਫ਼ ਚਾਰ ਅਫ਼ਸਰ ਹਨ - ਕਾਰਜਕਾਰੀ ਮੈਂਬਰ (ਮੁੱਖ ਕਾਰਜਕਾਰੀ ਅਧਿਕਾਰੀ), ਮੈਂਬਰ (ਵਿੱਤ), ਮੈਂਬਰ (ਕਰਮਚਾਰੀ) ਅਤੇ ਹੋਰ ਮੁੱਖ ਡਾਇਰੈਕਟਰ (ਬੀ. ਐਂਡ ਏ.)। ਸਥਾਪਨਾ ਤੋਂ ਬਾਅਦ ਦੇ 18 ਵਰ੍ਹਿਆਂ 'ਚ ਕੋਈ ਨਵਾਂ ਅਹੁਦਾ ਨਹੀਂ ਬਣਾਇਆ ਗਿਆ। ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਦੇ ਕਰਮਚਾਰੀਆਂ ਨੂੰ ਮੰਗ ਕੇ ਇਸ ਦਾ ਕੰਮ ਚਲਾਇਆ ਜਾ ਰਿਹਾ ਹੈ, ਜਿਸ ਨਾਲ ਡਾਇਰੈਕਟੋਰੇਟ 'ਚ ਕਰਮਚਾਰੀਆਂ ਦੀ ਕਮੀ ਹੋ ਰਹੀ ਹੈ। ਮੰਤਰਾਲੇ ਨੇ ਮੰਨਿਆ ਹੈ ਕਿ ਪ੍ਰਸਾਰ ਭਾਰਤੀ ਸਕੱਤਰ ਮੰਡਲ ਨੇ ਅਕਤੂਬਰ 2013 'ਚ ਮੰਤਰਾਲੇ ਨੂੰ ਸਕੱਤਰ ਮੰਡਲ ਲਈ ਘੱਟ ਤੋਂ ਘੱਟ 180 ਪੱਕੇ ਕਰਮਚਾਰੀਆਂ ਦੀ ਨਿਯੁਕਤੀ ਦੀ ਬੇਨਤੀ ਕੀਤੀ ਸੀ ਤਾਂਕਿ ਉਹ ਆਪਣੀ ਜ਼ਿੰਮੇਵਾਰੀ ਨਿਭਾਅ ਸਕਣ। ਇੱਕ ਤੋਂ ਬਾਅਦ ਇੱਕ ਸਰਕਾਰਾਂ ਵੱਲੋਂ ਪ੍ਰਸਾਰ ਭਾਰਤੀ ਦੇ ਸਕੱਤਰ ਮੰਡਲ ਨੂੰ ਆਪਣੇ ਕੰਮ ਕਰਨ 'ਚ ਸਮਰਥਤਾ ਨਾ ਦੇਣ ਦੀ ਸੱਚਾਈ ਇਹ ਸਾਫ਼ ਦਿਖਾਉਂਦੀ ਹੈ ਕਿ 1997 ਤੋਂ ਪ੍ਰਸਾਰ ਭਾਰਤੀ ਨੂੰ ਇੱਕ "ਸੁਤੰਤਰ" ਸੰਸਥਾ ਬਨਾਉਣ ਦਾ ਅਸਲੀ ਟੀਚਾ ਹਿੰਦੁਸਤਾਨ ਦੇ ਜਨਤਕ ਸੇਵਾ ਪ੍ਰੋਵਾਈਡਰ ਨੂੰ ਬਰਬਾਦ ਕਰਨਾ ਸੀ, ਨਾ ਕਿ ਇਸ ਨੂੰ ਅਧੁਨਿਕ ਬਨਾਉਣਾ।

ਪ੍ਰਸਾਰ ਭਾਰਤੀ ਦੇ ਸਕੱਤਰ ਮੰਡਲ ਦੀ ਮਨਜ਼ੂਰੀ ਅਨੁਸਾਰ 1997 'ਚ ਪ੍ਰਸਾਰ ਭਾਰਤੀ ਦੀ ਸਥਾਪਨਾ ਦੇ ਸਮੇਂ ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਦੇ ਦੋ ਡਾਇਰੈਕਟੋਰੇਟ 'ਚ 48,000 ਕਰਮਚਾਰੀ ਸਨ। ਉਦੋਂ ਦੋਂ ਇਨ੍ਹਾਂ ਦੇ ਪ੍ਰਾਜੈਕਟਾਂ/ਮਹਿਕਮਿਆਂ ਜਿਵੇਂ ਕਿ ਰੇਡੀਓ ਸਟੇਸ਼ਨ ਦੂਰਦਰਸ਼ਨ ਕੇਂਦਰ, ਸਟੂਡੀਓ, ਟ੍ਰਾਂਸਮੀਟਰ ਆਦਿ ਲੱਗਭਗ ਦੁੱਗਣੇ ਹੋ ਗਏ ਹਨ। ਇਨ੍ਹਾਂ ਨਵੇਂ ਸਹੂਲਤ ਕੇਂਦਰਾਂ ਲਈ ਜਾਂ ਤੋਂ ਕੋਈ ਨਵੀਂ ਨਿਯੁਕਤੀ ਮਨਜ਼ੂਰੀ ਨਹੀਂ ਕੀਤੀ ਗਈ ਜਾਂ ਕੁੱਝ ਕੁ ਸਿਰਫ਼ ਥੋੜ੍ਹੇ ਰੂਪ ਨਾਲ ਨਿਯੁਕਤੀਆਂ ਮਨਜ਼ੂਰ ਕੀਤੀਆਂ ਗਈਆਂ ਹਨ।

ਪ੍ਰਸਾਰ ਭਾਰਤੀ ਸਕੱਤਰ ਮੰਡਲ ਨੇ ਅੰਦਾਜ਼ਾ ਲਾਇਆ ਹੈ ਕਿ ਸਖ਼ਤ ਤੋਂ ਸਖ਼ਤ ਮਾਪਦੰਡਾਂ ਨੂੰ ਮੰਨ ਕੇ ਵੀ ਅੱਜ ਪ੍ਰਸਾਰ ਭਾਰਤੀ ਦੇ ਅਨੇਕਾਂ ਪ੍ਰਜਾਕਟਾਂ, ਸਹੂਲਤ ਕੇਂਦਰਾਂ ਅਤੇ ਸੇਵਾਵਾਂ ਲਈ ਘੱਟ ਤੋਂ ਘੱਟ 60,000 ਕਰਮਚਾਰੀਆਂ ਦੀ ਲੋੜ ਹੈ। ਪਰ ਪਿਛਲੇ 18 ਵਰ੍ਹਿਆਂ 'ਚ ਸੇਵਾ-ਮੁਕਤੀਆਂ ਅਤੇ ਨਵੀਆਂ ਨਿਯੁਕਤੀਆਂ ਨਾ ਹੋਣ ਕਾਰਨ ਮੌਜੂਦਾ ਸਮੇਂ 'ਚ ਸਿਰਫ਼ 32,000 ਕਰਮਚਾਰੀ ਹਨ। ਪ੍ਰਸਾਰ ਭਾਰਤੀ ਮੰਨਦਾ ਹੈ ਕਿ ਐਫ.ਐਮ. ਚੈਨਲ, ਡੀ.ਟੀ.ਐਚ., ਸੋਸ਼ਲ ਮਡੀਆ ਅਤੇ ਖਰੀਦੋ-ਫਰੋਖਤ ਵਰਗੇ ਕੁੱਝ ਨਵੇਂ ਅਤੇ ਬਹੁਤ ਜ਼ਰੂਰੀ ਮਹੱਤਵਪੂਰਨ ਖੇਤਰਾਂ 'ਚ ਕਰਮਚਾਰੀਆਂ ਦੀ ਬਹੁਤ ਘਾਟ ਹੈ। ਜਿਸ ਕਾਰਨ ਇਨ੍ਹਾਂ ਦੀ ਪੂਰੀ ਸੰਭਾਵਨਾ ਨਾਵਾਕਫ ਰਹੀ ਹੈ। ਪ੍ਰੋਗਰਾਮ ਦੇ ਕਰਮਚਾਰੀਆਂ 'ਚ, ਡਾਇਰੈਕਟੋਰੇਟ ਅਤੇ ਰੇਡੀਓ ਸਟੇਸ਼ਨਾਂ ਅਤੇ ਦੂਰਦਰਸ਼ਨ ਕੇਂਦਰਾਂ ਦੇ ਪ੍ਰਬੰਧ ਦੇ ਪੱਧਰ 'ਤੇ , ਪ੍ਰੋਗਰਾਮ ਨੂੰ ਨੇਮਬੱਧ ਕਰਨ ਅਤੇ ਅਮਲ ਦੇ ਕੋਰ ਗਰੁੱਪ 'ਚ ਸੀਨੀਅਰ ਪੱਧਰ ਦੇ ਮਨਜ਼ੂਰ 30 ਕਰਮਚਾਰੀਆਂ ਦੀ ਥਾਂ 'ਤੇ ਸਿਰਫ 9 ਕਰਮਚਾਰੀ ਹਨ ਅਤੇ ਜੂਨੀਅਰ ਪੱਧਰ 'ਤੇ ਮਨਜ਼ੂਰ 160 ਕਰਮਚੀਰਆਂ ਦੀ ਥਾਂ 'ਤੇ ਸਿਰਫ 4 ਕਰਮਚਾਰੀ ਹਨ। ਯਾਨੀ ਕਿ ਹਰ ਮੁੱਖ ਸਟੇਸ਼ਨ/ਕੇਂਦਰ 'ਚ ਸਿਰਫ਼ ਇੱਕ ਜੂਨੀਅਰ ਪੱਧਰ ਦਾ ਅਫਸਰ। ਸਿੱਟੇ ਵਜੋਂ ਮੁੱਖ ਨਗਰਾਂ ਨੂੰ ਛੱਡ ਕੇ ਹੋਰ ਲੱਗਪਗ ਸਾਰੇ ਸਟੇਸ਼ਨਾਂ/ਕੇਂਦਰਾਂ ਵਿੱਚ ਬਹੁਤ ਘੱਟ ਤਦਜਰਬੇ ਵਾਲੇ ਹੇਠਲੇ ਅਹੁੱਦੇ ਦੇ ਲੋਕ ਹੀ ਅਗਵਾਈ ਦੇ ਰਹੇ ਹਨ।

ਪ੍ਰਸਾਰ ਭਾਰਤੀ 'ਚ ਨਵੀਂ ਭਰਤੀ ਨਾ ਹੋਣ ਦਾ ਕਾਰਨ ਇਹ ਹੈ ਕਿ 1997 'ਚ ਪ੍ਰਸਾਰ ਭਾਰਤੀ ਦੀ ਸਥਾਪਨਾ ਤੋਂ ਪਹਿਲਾਂ ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਦੀਆਂ ਭਰਤੀਆਂ ਯੂ.ਪੀ.ਐਸ.ਸੀ. ਕਰਦਾ ਸੀ। ਪ੍ਰਸਾਰ ਭਾਰਤੀ ਦੀ ਸਥਾਪਨਾ ਤੋਂ ਬਾਅਦ ਯੂ.ਪੀ.ਐਸ.ਸੀ. ਨੇ ਭਰਤੀ ਕਰਨੀ ਬੰਦ ਕਰ ਦਿੱਤੀ। ਪ੍ਰਸਾਰ ਭਾਰਤੀ 'ਚ ਕੰਮ ਕਰਨ ਵਾਲੇ ਕਰਮਚਾਰੀਆਂ ਦੇ ਅਹੁਦਿਆਂ ਦਾ ਮੁੱਦਾ ਇੱਕ ਮੰਤਰੀ ਦਲ ਨੂੰ ਸੌਂਪ ਦਿੱਤਾ ਗਿਆ ਅਤੇ ਪ੍ਰਸਾਰ ਭਾਰਤੀ ਕਾਨੂੰਨ 1990 ਤਹਿਤ ਜਿਵੇਂ ਭਰਤੀ ਬੋਰਡ ਦੀ ਧਾਰਣਾ ਕੀਤੀ ਗਈ ਸੀ ਉਸ ਨੂੰ ਗਠਿਤ ਹੀ ਨਹੀਂ ਕੀਤਾ ਗਿਆ। ਭਰਤੀ ਦੇ ਨਿਯਮਾਂ ਅਤੇ ਪ੍ਰਬੰਧਾਂ ਨੂੰ ਅਖੀਰੀ ਰੂਪ ਨਹੀਂ ਦਿੱਤਾ ਗਿਆ।

ਪਿਛਲੇ 20 ਤੋਂ 25 ਸਾਲਾਂ 'ਚ ਤਰੱਕੀਆਂ ਨਹੀਂ ਹੋਈਆਂ ਹਨ, ਕਿਉਂਕਿ ਯੂ.ਪੀ.ਐਸ.ਸੀ. ਨੇ ਐਲਾਨ ਕਰ ਦਿੱਤਾ ਹੈ ਕਿ ਇਹ ਉਨ੍ਹਾਂ ਦਾ ਕੰਮ ਨਹੀਂ ਹੈ। ਪਰ ਅਦਾਲਤ ਦੀ ਦਖਲਅੰਦਾਜ਼ੀ 'ਤੇ ਯੂ.ਪੀ.ਐਸ. ਸੀ ਨੇ ਇਸ ਪ੍ਰਕਿਰਿਆ ਨੂੰ ਨਿੱਜੀ ਮਾਮਲਿਆਂ ਲਈ ਸ਼ੁਰੂ ਕਰ ਦਿੱਤਾ ਹੈ। ਸੀਨੀਆਰਟੀ ਅਤੇ ਦੂਸਰੇ ਮਸਲਿਆਂ 'ਤੇ ਅੰਦਾਲਤਾਂ 'ਚ ਅਨੇਕਾਂ ਮਾਮਲੇ ਦਰਜ ਹਨ।

ਅਨੇਕਾਂ ਰੇਡੀਓ ਸਟੇਸ਼ਨਾਂ ਅਤੇ ਦੂਰਦਰਸ਼ਨ ਕੇਂਦਰਾਂ 'ਚ, ਪੱਕੇ ਕਰਮਚਾਰੀਆਂ ਦੀ ਕਮੀ ਦੀ ਵਜ੍ਹਾ ਨਾਲ ਕੰਮ ਬੇਕਾਇਦਾ ਕਲਾਕਾਰਾਂ/ਕਰਮਚਾਰੀਆਂ ਵੱਲੋਂ ਕੀਤਾ ਜਾ ਰਿਹਾ ਹੈ, ਜੋ ਸਮੇਂ-ਸਮੇਂ 'ਤੇ ਠੇਕੇ 'ਤੇ ਨਿਯੁਕਤ ਕੀਤੇ ਜਾਂਦੇ ਹਨ। ਪ੍ਰਸਾਰ ਭਾਰਤੀ ਸਕੱਤਰ ਮੰਡਲ ਮੰਨਦਾ ਹੈ ਕਿ ਇਨ੍ਹਾਂ ਮਜ਼ਦੂਰਾਂ ਨੂੰ ਜਾਣਬੁੱਝ ਕੇ ਠੇਕੇ 'ਤੇ ਰੱਖਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਨੌਕਰੀ ਦੇ ਦੌਰਾਂ ਵਿਚਕਾਰ ਫ਼ਰਕ ਰੱਖਿਆ ਜਾਂਦਾ ਹੈ, ਕਿਉਂਕਿ ਪੱਕੀਆਂ ਨੌਕਰੀਆਂ 'ਤੇ ਨਿਯੁਕਤੀ ਲਈ ਕੋਈ ਨੀਤੀ ਨਹੀਂ ਹੈ। ਬਹੁਤ ਸਾਰੇ ਸਲਾਹਕਾਰਾਂ/ਹਿੱਸੇਦਾਰਾਂ/ਕਨਵੀਨਰਾਂ ਨੂੰ ਠੇਕੇ 'ਤੇ ਨਿਯੁੱਕਤ ਕੀਤਾ ਗਿਆ ਹੈ। ਰੋਜ਼ਾਨਾ ਦੇ ਕੰਮਾਂ ਤੋਂ ਇਲਾਵਾ, ਉਹ ਪ੍ਰਬੰਧਨ, ਵਿੱਤ, ਮਨੁੱਖੀ ਸ੍ਰੋਤਾਂ, ਕਰਮਚਾਰੀਆਂ ਦੀ ਸਿਖਲਾਈ, ਆਦਿ 'ਚ ਸਲਾਹ ਦਿੰਦੇ ਹਨ। ਅਨੇਕਾਂ ਸੇਵਾਮੁਕਤ ਸਕੱਤਰ ਪੱਧਰ ਦੇ ਸਰਕਾਰੀ ਕਰਮਚਾਰੀਆਂ ਨੂੰ ਠੇਕੇ 'ਤੇ ਤਕਨੀਕੀ, ਪ੍ਰੋਗਰਾਮ, ਪ੍ਰਬੰਧਕ ਅਤੇ ਖਰੀਦੋ-ਫ਼ਰੋਖਤ ਦੇ ਕੰਮਾਂ ਲਈ ਨਿਯੁਕਤ ਕੀਤਾ ਗਿਆ ਹੈ। ਸੇਵਾ ਮੁਕਤ ਸਰਕਾਰੀ ਅਫ਼ਸਰਾਂ ਨੂੰ ਨਿਯੁਕਤ ਕਰਨ ਨਾਲ ਪ੍ਰਸਾਰ ਭਾਰਤੀ ਨੂੰ ਉਨ੍ਹਾਂ ਦੇ ਕੀਮਤੀ ਅਤੇ ਲੰਬੇ ਤਜਰਬੇ ਅਤੇ ਮੁਹਾਰਤ ਅੱਧੇ ਖਰਚੇ 'ਤੇ ਮਿਲ ਜਾਂਦੀ ਹੈ। ਇਸ ਤਰ੍ਹਾਂ ਨਾਲ ਸਾਰੇ ਬੇਕਾਇਦਾ, ਸਲਾਹਕਾਰਾਂ ਅਤੇ ਵਿਸ਼ੇਸ਼ ਨਿਯੁਕਤੀਆਂ ਦਾ ਖਰਚਾ ਪ੍ਰਸਾਰ ਭਾਰਤੀ ਦੀ ਆਮਦਨੀ ਤੋਂ ਕੱਢਿਆ ਜਾਂਦਾ ਹੈ।

### ਸਿੱਟਾ

ਉਕਤ ਤੱਥ ਸਾਫ਼-ਸਾਫ਼ ਦਿਖਾਉਂਦੇ ਹਨ ਕਿ ਹਿੰਦੁਸਤਾਨ ਦੇ ਜਨਕਤ ਪ੍ਰਸਾਰਕ, ਪ੍ਰਸਾਰ ਭਾਰਤੀ ਨੂੰ, ਇੱਕ ਤੋਂ ਬਾਅਦ ਇੱਕ ਲਗਾਤਾਰ ਸਰਕਾਰਾਂ ਜਾਣਬੁੱਝ ਕੇ ਬਰਬਾਦ ਕਰ ਰਹੀਆਂ ਹਨ। ਇਸ ਜਨਤਕ ਖੇਤਰ ਦੀ ਸੰਸਥਾ 'ਚ ਹਜ਼ਾਰਾਂ ਬੇਕਾਇਦਾ ਮਜ਼ਦੂਰ, ਜੋ ਨੌਜਵਾਨ ਉਮਰ 'ਚ ਇਸ ਸੰਸਥਾ ਦੇ ਨਿਰਮਾਣ ਦੀ ਭਾਵਨਾ ਨਾਲ ਇਸ 'ਚ ਸ਼ਾਮਿਲ ਹੋਏ ਸਨ, ਅੱਜ ਉਨ੍ਹਾਂ ਦਾ ਭਵਿੱਖ ਹਨੇਰੇ 'ਚ ਹੈ। ਉਨ੍ਹਾਂ ਨੂੰ ਬਹੁਤ ਹੀ ਘੱਟ ਤਨਖਾਹ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਲਈ ਕੋਈ ਸਮਾਜਿਕ ਸੁਰੱਖਿਆ ਨਹੀਂ ਹੈ, ਅਤੇ ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਹੈ ਕਿ ਅਗਲੇ ਦਿਨ ਉਨ੍ਹਾਂ ਨੂੰ ਕੰਮ 'ਤੇ ਰੱਖਿਆ ਜਾਵੇਗਾ ਜਾਂ ਨਹੀਂ। ਦੂਜੇ ਪਾਸੇ, ਹਜ਼ਾਰਾਂ ਪੱਕੇ ਮਜ਼ਦੂਰਾਂ ਦੀ ਤਰੱਕੀ ਦਾ ਰਸਤਾ ਬੰਦ ਹੈ - ਉਨ੍ਹਾਂ ਲਈ ਤਰੱਕੀਆਂ ਨਹੀਂ ਹਨ ਅਤੇ ਉਨ੍ਹਾਂ ਨੂੰ ਬੇਕਾਇਦਾ ਢੰਗ ਨਾਲ ਕੰਮ ਕਰਨ ਲਈ ਮਜਬੂਰ ਕੀਤਾ ਗਿਆ ਹੈ। ਜਿਵੇਂ ਕਿ ਪਹਿਲਾਂ ਹੀ ਕਿਹਾ ਜਾ ਚੁੱਕਾ ਹੈ, ਪ੍ਰਸਾਰ ਭਾਰਤੀ ਦੀ ਬਰਬਾਦੀ ਦੇ ਨਾਲ ਇਲੈਕਟ੍ਰਾਨਿਕ ਪ੍ਰਸਾਰ ਮਾਧਿਅਮ 'ਤੇ ਸੱਭ ਤੋਂ ਵੱਡੇ ਏਕਾਧਿਕਾਰੀਆਂ ਦਾ ਕੰਟਰੋਲ ਵਧਦਾ ਜਾ ਰਿਹਾ ਹੈ। ਦੂਜੇ ਜਨਤਕ ਖੇਤਰ ਦੇ ਵਪਾਰਾਂ ਵਾਂਗ ਹੀ, ਲਗਾਤਾਰ ਆਉਣ ਵਾਲੀਆਂ ਸਰਕਾਰਾਂ ਦੀ ਕੋਸ਼ਿਸ਼ ਜਾਣਬੁੱਝ ਕੇ ਇਸ ਤਰ੍ਹਾਂ ਦੇ ਹਾਲਾਤ ਬਣਾਉਣ ਦੀ ਰਹੀ ਹੈ ਜਿਸ ਨਾਲ ਇਹ ਤਬਾਹੀ ਵੱਲ ਜਾਵੇ ਅਤੇ ਫਿਰ ਇਸ ਨੂੰ ਨਿੱਜੀ ਏਕਾਧਿਕਾਰੀਆਂ ਦੇ ਹੱਥਾਂ 'ਚ ਸਸਤੀ ਕੀਮਤ 'ਤੇ ਸੌਂਪਣ ਦੀ ਸਫਾਈ ਦਿੱਤੀ ਜਾ ਸਕੇ। ਇਸ ਤਰ੍ਹਾਂ ਕਰਨ ਨਾਲ ਨਿੱਜੀ ਮਾਲਕ ਇਸ ਤੋਂ ਵੱਡਾ ਮੁਨਾਫ਼ਾ ਬਣਾਏਗਾ ਅਤੇ ਜਨਤਾ ਦਾ ਧਨ ਹੜੱਪ ਕਰੇਗਾ। ਇਸੇ ਤਰ੍ਹਾਂ ਹੀ ਮਾਡਰਨ ਫੂਡਸ ਦੇ ਨਾਲ ਕੀਤਾ ਗਿਆ, ਇਵੇਂ ਹੀ ਬਿਜਲੀ ਵਿਤਰਣ ਵਿਚ ਕੀਤਾ ਗਿਆ ਅਤੇ ਇਸ ਤਰ੍ਹਾਂ ਹੀ ਏਅਰ ਇੰਡੀਆ ਆਦਿ 'ਚ ਹੋ ਰਿਹਾ ਹੈ।

ਪ੍ਰਸਾਰ ਭਾਰਤੀ ਦੇ ਨਾਲ ਲਾਪਰਵਾਹੀ ਅਤੇ ਉਸ ਦੀ ਭੰਨ-ਤੋੜ ਦੀਆਂ ਕਾਰਵਾਈਆਂ ਦੀ, ਅਤੇ ਉਥੇ ਦੇ ਮਜ਼ਦੂਰਾਂ ਦੇ ਵਹਿਸ਼ੀ ਸ਼ੋਸ਼ਣ ਅਤੇ ਉਨ੍ਹਾਂ ਦੇ ਹੱਕਾਂ ਨੂੰ ਰੱਦ ਕਰਨ ਦੀ ਹਿੰਦੁਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਸਖ਼ਤ ਨਿੰਦਾ ਕਰਦੀ ਹੈ। ਪ੍ਰਸਾਰ ਭਾਰਤੀ ਦੇ ਮਜ਼ਦੂਰਾਂ ਦਾ ਸੰਘਰਸ਼ ਪੂਰੀ ਤਰ੍ਹਾਂ ਜਾਇਜ਼ ਹੈ। ■

## ਦੂਰਦਰਸ਼ਨ 'ਚ ਕਰਮਚਾਰੀਆਂ ਦਾ ਸ਼ੋਸ਼ਣ

ਠੇਕਾ, ਅਨੁਬੰਧ ਅਤੇ ਅੰਗਰੇਜ਼ੀ 'ਚ ਕੰਟਰੈਕਟ ਬਹੁਤ ਪ੍ਰਸਿੱਧ ਸ਼ਬਦ ਹਨ। ਕੰਟਰੈਕਟ ਸਿਰਫ਼ ਕੰਮ ਬਦਲੇ ਦਿੱਤੇ ਜਾਣ ਵਾਲੀ ਤਨਖ਼ਾਹ ਦਾ ਨਾਂ ਨਹੀਂ ਹੈ, ਬਲਕਿ ਬੇਕਾਰੀ ਦੇ ਡਰ, ਘੱਟ ਤੋਂ ਘੱਟ ਤਨਖਾਹ, ਸਮਾਜਿਕ ਅਸੁਰੱਖਿਆ ਅਤੇ ਬਿਨਾ ਈ.ਐਸ.ਆਈ., ਪ੍ਰਾਵੀਡੈਂਟ ਫੰਡ ਅਤੇ ਸ਼ੋਸ਼ਣ ਨਾਲ ਉਸ ਦਾ ਸਿੱਧਾ ਰਿਸ਼ਤਾ ਹੈ।

ਇਸ ਤਰ੍ਹਾਂ ਹੀ ਕੁੱਝ ਪ੍ਰਸਾਰ ਭਾਰਤੀ ਦੇ ਦੂਰਦਰਸ਼ਨ ਦੇ ਵੱਖੋ-ਵੱਖ ਪ੍ਰੋਗਰਾਮ ਵਿਭਾਗਾਂ 'ਚ ਕੰਮ ਕਰਨੇ ਵਾਲੇ 166 ਕੰਟਰੈਕਟ ਕਰਮਚਾਰੀਆਂ ਦੇ ਨਾਲ ਹੋ ਰਿਹਾ ਹੈ।

ਇਹ ਕੰਟਰੈਕਟ ਕਰਮਚਾਰੀ 1-15 ਸਾਲਾਂ ਤੋਂ ਲਗਾਤਾਰ ਕੰਮ ਕਰ ਰਹੇ ਹਨ। ਇਹ ਦੂਰਦਰਸ਼ਨ ਦੇ ਵੱਖਰੇ-ਵੱਖਰੇ —ਦਿੱਲੀ, ਗੰਗਟੋਕ, ਰਾਏਪੁਰ, ਪਟਨਾ, ਮਊ, ਮਿਰਜਾਪੁਰ, ਇੰਦੌਰ, ਇਲਾਹਾਬਾਦ, ਗਵਾਲੀਅਰ, ਭੋਪਾਲ, ਆਦਿ — ਤੋਂ ਇਲਾਵਾ, ਦੂਰਦਰਸ਼ਨ ਦੇ ਵੱਖੋ-ਵੱਖਰੇ ਪ੍ਰੋਗਰਾਮਾਂ — ਦੂਰਦਰਸ਼ਨ ਦਿੱਲੀ, ਦੂਰਦਰਸ਼ਨ ਇੰਡੀਆ, ਦੂਰਦਰਸ਼ਨ ਉਰਦੂ, ਦੂਰਦਰਸ਼ਨ ਖੇਡ, ਦੂਰਦਰਸ਼ਨ ਸੀਪੀਸੀ, ਦੂਰਦਰਸ਼ਨ ਸਪੈਸ਼ਲਨ ਸੈਂਟਰਲ ਪ੍ਰਾਡਕਸ਼ਨ ਸੈਂਟਰ (ਸੀਪੀਸੀ), ਐਨਸੀ-ਕੇਡੀ, ਆਰਕਾਈਵ, ਏਡੀਜੀ (ਡੀਸੀ), ਡੀਡੀ ਭਾਰਤੀ ਆਦਿ - ਵਿੱਚ ਕੰਮ ਕਰ ਰਹੇ ਹਨ।

ਇਹ ਸਾਰੇ ਬ੍ਰਾਡਕਾਸਟ ਐਗਜ਼ੀਕਿਊਟਿਵ ਗ੍ਰੇਡ-1, ਬ੍ਰਾਡਕਾਸਟ ਐਗਜ਼ੀਕਿਊਟਿਵ ਗ੍ਰੇਡ-2, ਐਡਿਟਿੰਗ, ਗ੍ਰਾਫਿਕਸ ਆਰਟਿਸਟ, ਆਰਕਾਈਵ ਸਹਿਯੋਗੀ, ਕ੍ਰਿਏਟਿਵ ਐਡੀਟਰ, ਪੋਸਟ ਪ੍ਰਾਡਕਸ਼ਨ ਅਸਿਸਟੈਂਟ ਗ੍ਰੇਡ-1, ਪੋਸਟ ਪ੍ਰਾਡਕਸ਼ਨ ਅਸਿਸਟੈਂਟ ਗ੍ਰੇਡ-2, ਆਦਿ ਅਹੁਦਿਆਂ 'ਤੇ ਕੰਮ ਕਰ ਰਹੇ ਹਨ।

ਇਨ੍ਹਾਂ ਕਰਮਚਾਰੀਆਂ ਨੂੰ ਮਹੀਨੇ ਦੇ ਅਖੀਰ 'ਚ ਤਨਖਾਹ ਨਹੀਂ, ਬਲਕਿ ਇੱਕਮੁਸ਼ਤ ਮਿਹਨਤਾਨਾ ਦਿੱਤਾ ਜਾਂਦਾ ਹੈ। ਮਿਹਨਤਾਨੇ ਦੇ ਰੂਪ 'ਚ ਘੱਟੋ-ਘੱਟ ਤਨਖਾਹ 9839 ਰੁਪਏ ਤੋਂ ਲੈ ਕੇ ਵੱਧ ਤੋਂ ਵੱਧ 35000 ਰੁਪਏ ਤਕ ਦੀ ਤਨਖਾਹ ਮਿਲਦੀ ਹੈ। ਪਰ ਜ਼ਿਆਦਾਤਰ ਕਰਮਚਾਰੀ 17,000-20,000 ਰੁਪਏ ਦੀ ਕੈਟਾਗਰੀ ਵਿਚ ਆਉਂਦੇ ਹਨ। ਇਸਤੋਂ ਇਲਾਵਾ, ਇਨ੍ਹਾਂ ਕਰਮਚਾਰੀਆਂ ਨੂੰ ਕੋਈ ਵੀ ਸਮਾਜਿਕ ਸੁਰੱਖਿਆ ਦੀ ਸਹੂਲਤ, ਇਲਾਜ ਦੀ ਸਹੂਲਤ, ਪ੍ਰਾਵੀਡੈਂਟ ਫੰਡ ਆਦਿ ਨਹੀਂ ਮਿਲਦੇ ਹਨ। ਇੰਨੇ ਲੰਮੇ ਸਮੇਂ ਤੱਕ ਕੰਮ ਕਰਦੇ ਰਹਿਣ ਦੇ ਬਾਵਜੂਦ, ਸਰਕਾਰ ਅਤੇ ਅਧਿਕਾਰੀਆਂ ਨੇ ਇਨ੍ਹਾਂ ਨੂੰ ਪੱਕੇ ਕਰਮਚਾਰੀ ਬਣਾਉਣ ਦੀ ਪ੍ਰਕਿਰਿਆ ਨਹੀਂ ਅਪਣਾਈ ਹੈ। ਇੱਕੋ-ਜਿਹੇ ਅਹੁੱਦੇ, ਇਕੋ-ਜਿਹੇ ਕੰਮ ਅਤੇ ਇਕੋ-ਜਿਹੇ ਸਮੇਂ ਦੇ ਤਜਰਬੇ ਦੇ ਬਾਵਜੂਦ, ਇਨ੍ਹਾਂ ਕਰਮਚਾਰੀਆਂ ਨੂੰ ਪੱਕੇ ਕਰਮਚਾਰੀਆਂ ਦੇ ਮੁਕਾਬਲੇ ਬਹੁਤ ਜ਼ਿਆਦਾ ਘਾਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਨ੍ਹਾਂ ਕਰਮਚਾਰੀਆਂ ਦੀ ਨਿਯੁਕਤੀ 2003 'ਚ ਬ੍ਰਾਡਕਾਸਟ ਇੰਜੀਨੀਅਰਿੰਗ ਕੰਸਲਟੈਂਟ ਇੰਡੀਆ ਲਿਮਟਿਡ (ਬੇਸਿਲ, ਭਾਰਤ ਸਰਕਾਰ ਦਾ ਵਪਾਰ, ਮਿਨੀ ਰਤਨ ਕੰਪਨੀ, ਸੂਚਨਾ ਅਤੇ ਪ੍ਰਸਾਰਣ ਮੰਤਰਾਲਾ) ਦੇ ਕੰਟਰੈਕਟ 'ਤੇ ਦੂਰਦਰਸ਼ਨ 'ਚ ਕੰਮ ਕਰਨ ਲਈ ਕੀਤੀ ਗਈ ਸੀ। ਇਨ੍ਹਾਂ ਦੀ ਨਿਯੁਕਤੀ ਦੂਰਦਰਸ਼ਨ ਅਤੇ ਬੇਸਿਲ ਦੇ ਸੀਨੀਅਰ ਅਧਿਕਾਰੀਆਂ ਦੇ ਇੰਟਰਵਿਊ ਲੈਣ ਵਾਲੇ ਪੈਨਲ ਵੱਲੋਂ ਚੋਣ ਅਮਲ ਰਾਹੀਂ ਕੀਤੀ ਗਈ ਸੀ।

ਇੱਕ ਹੀ ਅਹੁੱਦੇ 'ਤੇ 9 ਸਾਲ ਤਕ ਕੰਮ ਕਰਨ ਤੋਂ ਬਾਅਦ, 2012 'ਚ ਦੁਬਾਰਾ, ਉਨ੍ਹਾਂ ਦੇ ਸਿੱਖਿਅਕ ਅਤੇ ਸਿਖਲਾਈ ਸਬੰਧੀ ਦਸਤਾਵੇਜ਼ਾਂ ਦੀ ਜਾਂਚ ਕੀਤੀ ਗਈ ਅਤੇ ਫਿਰ ਇਮਤਿਹਾਨ ਅਤੇ ਇੰਟਰਵਿਊ ਲਈ ਗਈ। ਉਨ੍ਹਾਂ ਨੂੰ ਬੇਸਿਲ ਦੇ ਕੰਟਰੈਕਟ ਤੋਂ ਪ੍ਰਸਾਰ ਭਾਰਤੀ ਦੇ ਕੰਟਰੈਕਟ 'ਚ ਤਬਦੀਲ ਕਰ ਦਿੱਤਾ ਗਿਆ। ਉਨ੍ਹਾਂ ਨੂੰ ਪ੍ਰਸਾਰ ਭਾਰਤੀ ਵੱਲੋਂ ਜਾਰੀ ਪਾਲਸੀ ਫਾਰ ਕਾਂਟ੍ਰੈਕਚੂਅਲ ਇੰਪਲਾਈਜ਼ ਦੇ ਤਹਿਤ, ਦੂਰਦਰਸ਼ਨ, ਸਮਾਚਾਰ ਨੂੰ ਛੱਡ ਕੇ ਦੂਰਦਰਸ਼ਨ ਦੇ ਹੋਰ ਚੈਨਲਾਂ 'ਚ ਪ੍ਰੋਗਰਾਮ ਵਿਭਾਗ ਲਈ ਕੰਟਰੈਕਟ 'ਤੇ ਰੱਖਿਆ ਗਿਆ ਹੈ। ਇਹ ਕੰਟਰੈਕਟ ਇੱਕ ਸਾਲ ਦਾ ਸੀ।

ਇਨ੍ਹਾਂ ਕੰਟਰੈਕਟ ਕਰਮਚਾਰੀਆਂ ਨੇ, ਮਜ਼ਦੂਰ ਏਕਤਾ ਲਹਿਰ, ਨੂੰ ਦੱਸਿਆ ਕਿ 2007 ਅਤੇ 2008 'ਚ ਸਾਡੀਆਂ ਤਨਖਾਹਾਂ 'ਚ 14 ਤੋਂ 20 ਫ਼ੀਸਦੀ ਤਕ ਦਾ ਵਾਧਾ ਹੋਇਆ ਸੀ। ਉਸ ਤੋਂ ਬਾਅਦ 4 ਸਾਲ ਘੱਟ ਤਨਖਾਹ 'ਚ ਮਹਿੰਗਾਈ ਨਾਲ ਜੂਝਣਾ ਪਿਆ। ਕਾਫ਼ੀ ਸੰਘਰਸ਼ ਤੋਂ ਬਾਅਦ 2012 'ਚ ਦੂਰਦਰਸ਼ਨ ਨੇ ਸਾਨੂੰ ਸਾਰਿਆਂ ਨੂੰ ਮਾਮੂਲੀ ਵਾਧੇ ਦੇ ਨਾਲ ਇੱਕ ਸਾਲ ਦਾ ਕੰਟਰੈਕਟ ਦਿੱਤਾ ਸੀ, ਜਿਸ 'ਚ ਅਨੇਕਾਂ ਕਮੀਆਂ ਹੋਣ ਦੇ ਬਾਵਜੂਦ, ਸਾਨੂੰ ਮਜਬੂਰੀ ਵੱਸ ਉਸ ਨੂੰ ਮਨਜ਼ੂਰ ਕਰਨਾ ਪਿਆ ਕਿਉਂਕਿ ਪਰਿਵਾਰਕ ਜ਼ਰੂਰਤ ਸੀ।

ਉਨ੍ਹਾਂ ਨੇ ਇਹ ਦੱਸਿਆ ਕਿ ਹੁਣ ਕੰਟਰੈਕਟ, ਫਰਵਰੀ 2014 'ਚ ਖਤਮ ਹੋ ਜਾਣ ਤੋਂ ਬਾਅਦ, ਪ੍ਰਸਾਰ ਭਾਰਤੀ ਕੰਟਰੈਕਟ ਨੂੰ ਸਿਰਫ਼ ਇੱਕ-ਇੱਕ ਮਹੀਨੇ ਲਈ ਵਧਾਉਂਦਾ ਹੈ। "ਅਗਲੇ ਮਹੀਨੇ ਸਾਡਾ ਕੀ ਹੋਵੇਗਾ, ਇਹ ਸਵਾਲ ਹਰ ਸਮੇਂ ਸਾਡੇ ਸਾਹਮਣੇ ਹੁੰਦਾ ਹੈ। ਸਾਡੀਆਂ ਤਨਖਾਹਾਂ 'ਚ ਵਾਧਾ ਰੁੱਕਿਆ ਹੋਇਆ ਹੈ। ਇਹ ਤੁਸੀਂ ਵੀ ਜਾਣਦੇ ਹੋ ਕਿ ਮਹਿੰਗਾਈ ਦਰ ਕਿਸ ਤੇਜ਼ੀ ਨਾਲ ਅੱਗੇ ਵਧੀ ਹੈ, ਪਰ ਸਾਡੇ ਸਾਰੇ ਮਾਹਰ, ਪੇਸ਼ੇਵਰ, ਤਜਰਬੇ ਵਾਲੇ ਮੀਡੀਆ ਕਰਮਚਾਰੀਆਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ"।

ਇਨ੍ਹਾਂ ਕਰਮਚਾਰੀਆਂ ਨੇ ਆਪਣੀਆਂ ਜਾਇਜ਼ ਮੰਗਾਂ ਨੂੰ ਕੇਂਦਰ ਸਰਕਾਰ, ਪ੍ਰਸਾਰ ਭਾਰਤੀ ਅਤੇ ਦੂਰਦਰਸ਼ਨ ਦੇ ਅਧਿਕਾਰੀਆਂ, ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਅਤੇ ਪ੍ਰਧਾਨ ਮੰਤਰੀ ਦੇ ਸਾਹਮਣੇ ਰੱਖਿਆ ਹੈ। ਪਰ ਕੋਈ ਜਵਾਬ ਨਹੀਂ ਮਿਲਿਆ। ਇਹ ਕਰਮਚਾਰੀ ਲੰਬੇ ਸਮੇਂ ਦੇ ਕੰਟਰੈਕਟ, ਇੱਕੋ-ਜਿਹੀ ਤਨਖਾਹ (ਇੱਕੋ-ਜਿਹਾ ਅਹੁੱਦਾ, ਇੱਕੋ-ਜਿਹਾ ਕੰਮ ਅਤੇ ਇੱਕੋ-ਜਿਹੇ ਸਾਲਾਂ ਦੇ ਤਜਰਬੇ ਦੇ ਆਧਾਰ'ਤੇ) ਸਮਾਜਿਕ ਸੁਰੱਖਿਆ — ਪੀ.ਐਫ. ਸਿਹਤ ਸੇਵਾ ਦੀ ਸੁਰੱਖਿਆ, ਐਚ.ਆਰ.ਏ. ਨਿਯਮਾਂ ਦੇ ਅਨੁਸਾਰ ਡੀ.ਏ. 'ਚ ਇੱਕੋ-ਜਿਹਾ ਵਾਧਾ, ਛੇਵੇਂ ਤਨਖਾਹ ਕਮਿਸ਼ਨ ਦੇ ਅਨੁਸਾਰ ਤਨਖਾਹ ਵਾਧੇ ਦੀ ਮੰਗ ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ।

# ਮਜ਼ਦੂਰ ਏਕਤਾ ਲਹਿਰ

ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਅਖ਼ਬਾਰ

**RNI No. DELPUN/2009/29968,**
**Postal Regd.No. DL (S)-01/3370/2013-15,**
**Posting at NDPSO 11&12, July 2015, Publishing Date – July 10, 2015**

To ........................................................
........................................................
........................................................
........................................................
........................................................

Mazdoor Ekta Lehar, Printed and Published by Madhusudhan Kasturi on behalf of Lok Awaz Publishers and Distributors., Printed at: Maa Printers, B-24/2, Okhla Industrial Area, Phase-2, New Delhi - 20, Published at: E-392, Sanjay Colony, Okhla Ph.-II, New Delhi - 110020, Editor: Chanderbhan, 9868721375, email : melpaper@yahoo.com, mazdoorektalehar@gmail.com


## ਅਧਿਕਾਰਾਂ ਲਈ ਸੰਘਰਸ਼



# ਇੰਗਲੈਂਡ ਵਿੱਚ ਟਾਟਾ ਸਟੀਲ ਦੇ ਮਜ਼ਦੂਰਾਂ ਨੇ ਹੜਤਾਲ਼ ਦੀ ਧਮਕੀ ਦਿੱਤੀ

29 ਮਈ ਤਕ ਮਿਲੀਆਂ ਖ਼ਬਰਾਂ ਦੇ ਮੁਤਾਬਕ, ਇਹ ਪਤਾ ਲੱਗਾ ਹੈ ਕਿ ਟਾਟਾ ਸਟੀਲ (ਇੰਗਲੈਂਡ) ਦੀਆਂ 4 ਮਜ਼ਦੂਰ ਯੂਨੀਅਨਾਂ – ਕਮਿਊਨਿਟੀ, ਜੀ.ਐਮ.ਬੀ., ਯੂ.ਸੀ.ਏ.ਟੀ.ਟੀ. ਅਤੇ ਯੂਨਾਇਟ – ਜੋ ਲੱਗਭਗ 17,000 ਮਜ਼ਦੂਰਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ, ਨੇ ਬਹੁਮਤ ਨਾਲ ਹੜਤਾਲ਼ 'ਤੇ ਜਾਣ ਦਾ ਫੈਸਲਾ ਲਿਆ ਹੈ। ਇਹ ਪਿਛਲੇ 30 ਵਰ੍ਹਿਆਂ ਅੰਦਰ, ਇੰਗਲੈਂਡ ਦੇ ਇਸਪਾਤ ਉਦਯੋਗ ਵਿੱਚ ਸੱਭ ਤੋਂ ਵੱਡੀ ਹੜਤਾਲ਼ ਹੋਵੇਗੀ।

ਮਜ਼ਦੂਰ, ਟਾਟਾ ਪ੍ਰਬੰਧਨ ਦੀ ਉਸ ਯੋਜਨਾ ਦਾ ਵਿਰੋਧ ਕਰ ਰਹੇ ਹਨ, ਜਿਸਦੇ ਮੁਤਾਬਕ ਬ੍ਰਿਟਿਸ਼ ਸਟੀਲ ਪੈਨਸ਼ਨ ਯੋਜਨਾ ਦੀ ਜਗ੍ਹਾ, ਉਨ੍ਹਾਂ 'ਤੇ ਇੱਕ ਦੂਸਰੀ ਪੈਨਸ਼ਨ ਯੋਜਨਾ ਲਾਗੂ ਕੀਤੀ ਜਾਵੇਗੀ, ਜਿਸ 'ਚ ਉਨ੍ਹਾਂ ਦੀ ਸੇਵਾ-ਮੁਕਤੀ 60 ਦੀ ਬਜਾਇ 65 ਸਾਲ ਦੀ ਉਮਰ ਵਿੱਚ ਹੋਵੇਗੀ। ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਇਸ ਨਾਲ ਮਜ਼ਦੂਰਾਂ ਨੂੰ ਅਨੇਕ ਵਿੱਤੀ ਸੁਵਿਧਾਵਾਂ ਤੋਂ ਵੰਚਿਤ ਕਰ ਦਿੱਤਾ ਜਾਵੇਗਾ ਅਤੇ ਉਨ੍ਹਾਂ ਉੱਤੇ ਆਰਥਕ ਬੋਝ ਬਹੁਤ ਵਧ ਜਾਏਗਾ।

2007 ਵਿੱਚ, ਟਾਟਾ ਸਟੀਲ ਨੇ ਕੋਰਸ ਗਰੁੱਪ ਵਿੱਚ (ਜਿਹਦਾ ਪੁਰਾਣਾ ਨਾਮ ਬ੍ਰਿਟਿਸ਼ ਸਟੀਲ ਸੀ) 100 ਸ਼ੇਅਰ ਖਰੀਦ ਲਏ ਸਨ, ਜਿਸਦੀ ਕੁੱਲ ਕੀਮਤ 12.04 ਅਰਬ ਡਾਲਰ ਸੀ। ਉਹ ਸੌਦਾ ਉਸ ਵਕਤ ਤਕ ਕਿਸੇ ਹਿੰਦੋਸਤਾਨੀ ਕੰਪਨੀ ਵਲੋਂ ਕਿਸੇ ਵਿਦੇਸ਼ੀ ਕੰਪਨੀ ਦੀ ਸੱਭ ਤੋਂ ਵੱਡੀ ਖ੍ਰੀਦ ਸੀ ਅਤੇ ਇਹਦੇ ਨਾਲ ਟਾਟਾ ਸਟੀਲ ਦੁਨੀਆਂ ਦੀ ਸੱਭ ਤੋਂ ਵੱਡੀ ਇਸਪਾਤ ਕੰਪਨੀ ਬਣ ਗਈ। ਉਸ ਵਕਤ ਸਰਮਾਏਦਾਰਾਂ ਅਤੇ ਉਨ੍ਹਾਂ ਦੇ ਮੀਡੀਆ ਨੇ ਬੜਾ ਸ਼ੋਰ ਮਚਾਇਆ ਸੀ ਕਿ ਰਤਨ ਟਾਟਾ ਦੇ "ਹੱਥ ਵਿੱਚ ਜਾਦੂ" ਸੀ, ਕਿ ਇਹ ਵਿਖਾਉਂਦਾ ਹੈ ਕਿ ਹਿੰਦੋਸਤਾਨ ਕਿੰਨਾ ਅੱਗੇ ਵਧ ਗਿਆ ਹੈ, ਕਿ ਹਿੰਦੋਸਤਾਨੀ ਕੰਪਣੀਆਂ ਏਨੀਆਂ ਵੱਡੀਆਂ ਹੋ ਗਈਆਂ ਹਨ ਕਿ ਵਿਦੇਸ਼ੀ ਕੰਪਨੀਆਂ ਨੂੰ ਖ੍ਰੀਦ ਰਹੀਆਂ ਹਨ, ਕਿ "ਬਸਤੀਵਾਦ ਦਾ ਵਹਾਅ ਪਲਟ ਰਿਹਾ ਹੈ", ਇਤਿਆਦਿ।

ਯੂਰਪ ਅਤੇ ਪੂਰੀ ਦੁਨੀਆਂ ਅੰਦਰ ਅੱਜ ਇਸਪਾਤ ਉਦਯੋਗ ਇੱਕ ਘੋਰ ਸੰਕਟ ਵਿੱਚ ਹੈ।

ਟਾਟਾ ਸਟੀਲ ਨੇ ਨੇ ਬੀਤੇ ਵਰ੍ਹੇ ਕੁੱਲ 3926 ਕ੍ਰੋੜ ਰੁਪਏ ਦਾ ਘਾਟਾ ਘੋਸ਼ਿਤ ਕੀਤਾ ਹੈ। ਉਹਦੇ ਇੰਗਲੈਂਡ ਵਾਲੇ ਉਦਯੋਗ ਦੀ ਕੀਮਤ ਵੀ ਬਹੁਤ ਨੀਚੇ ਗਿਰ ਗਈ ਹੈ। ਕੰਪਨੀ ਦੇ ਬੀਤੇ ਵਰ੍ਹੇ ਦੇ ਅੰਕੜਿਆਂ ਮੁਤਾਬਕ, ਉਹਦੇ ਹਿੰਦੋਸਤਾਨੀ ਕਾਰੋਬਾਰ ਯੂਰਪੀ ਕਾਰੋਬਾਰਾਂ ਨਾਲੋਂ ਤਿੰਨ-ਗੁਣਾ ਵਧੇਰੇ ਮੁਨਾਫ਼ੇਦਾਰ ਸਨ। ਬ੍ਰਿਟਿਸ਼ ਮੁਦਰਾ ਪੌਂਡ ਸਟਲਿੰਗ, ਯੂਰੋ ਦੇ ਮੁਕਾਬਲੇ, 15-20 ਪ੍ਰਤੀਸ਼ਤ ਵਧੇਰੇ ਮਜ਼ਬੂਤ ਹੋ ਗਿਆ ਹੈ, ਜਿਸ ਕਾਰਨ ਬ੍ਰਿਟਿਸ਼ ਇਸਪਾਤ ਹੋਰ ਜ਼ਿਆਦਾ ਮਹਿੰਗਾ ਹੋ ਗਿਆ ਹੈ, ਅਜੇਹਾ ਕੰਪਨੀ ਦੇ ਸੂਤਰਾਂ ਦਾ ਕਹਿਣਾ ਹੈ। ਟਾਟਾ ਸਟੀਲ ਦੇ ਯੂਰਪੀ ਕਾਰੋਬਾਰਾਂ ਦੇ ਮੁੱਖ ਅਧਿਕਾਰੀ ਵਲੋਂ ਮਜ਼ਦੂਰਾਂ ਨੂੰ ਲਿਖੀ ਗਈ ਇੱਕ ਖੁੱਲ੍ਹੀ ਚਿੱਠੀ ਵਿੱਚ ਕਿਹਾ ਗਿਆ ਹੈ ਕਿ "ਸਾਡੀ ਪੈਨਸ਼ਨ ਯੋਜਨਾ ਦੇ ਸਾਧਨ, ਸੁਵਿਧਾਵਾਂ ਦੁਆਉਣ ਦੀ ਅੰਦਾਜ਼ਨ ਕੀਮਤ ਦੇ ਵਾਧੇ ਦੇ ਅਨੁਸਾਰ ਉਤਨੀ ਤੇਜ਼ੀ ਨਾਲ ਨਹੀਂ ਵਧ ਸਕੇ ਹਨ। ਇਹਦੇ ਫਲਸਰੂਪ, 2 ਅਰਬ ਪੌਂਡ ਦਾ ਘਾਟਾ ਹੋਇਆ ਹੈ, ਜਿਹਨੂੰ ਪੂਰਾ ਨਹੀਂ ਕੀਤਾ ਜਾ ਸਕਦਾ"।

ਪੂੰਜੀਵਾਦ ਅਧੀਨ ਹਮੇਸ਼ਾ ਹੀ, ਜਦ-ਜਦ ਸਰਮਾਏਦਾਰਾਂ ਦੇ ਮੁਨਾਫਿਆਂ ਦੀ ਦਰ ਘਟਦੀ ਹੈ, ਤਦ-ਤਦ ਉਹਦਾ ਬੋਝ ਮਜ਼ਦੂਰਾਂ ਦੇ ਮੋਢਿਆਂ ਉੱਤੇ ਲੱਦ ਦਿੱਤਾ ਜਾਂਦਾ ਹੈ।

ਅਗਰ ਅੱਜ ਹਿੰਦੋਸਤਾਨ ਦੇ ਸਰਮਾਏਦਾਰ, ਦੁਨੀਆਂ ਦੇ ਸੱਭ ਤੋਂ ਵੱਡੇ ਇਜਾਰੇਦਾਰ ਸਰਮਾਏਦਾਰਾਂ ਵਿੱਚ ਗਿਣੇ ਜਾਂਦੇ ਹਨ, ਤਾਂ ਇਹ ਹਿੰਦੋਸਤਾਨ ਦੀ ਮਜ਼ਦੂਰ ਜਮਾਤ ਲਈ ਕੋਈ ਖੁਸ਼ੀ ਦੀ ਗੱਲ ਨਹੀਂ ਹੈ। ਹਿੰਦੋਸਤਾਨੀ ਰਾਜ ਦੀ ਪੂਰੀ ਮੱਦਦ ਦੇ ਨਾਲ, ਸਾਡੇ ਦੇਸ਼ ਦੇ ਮਜ਼ਦੂਰਾਂ ਦੀ ਬੇਰਹਿਮ ਲੁੱਟ ਕਰਕੇ, ਸਾਡੇ ਦੇਸ਼ ਦੇ ਕੁਦਰਤੀ ਸਾਧਨਾਂ ਦੀ ਅੰਨ੍ਹੀ ਲੁੱਟ ਕਰਕੇ, ਹਿੰਦੋਸਤਾਨ ਦੇ ਸਰਮਾਏਦਾਰ ਹੁਣ ਏਨੇ ਵੱਡੇ ਹੋ ਗਏ ਹਨ ਕਿ ਉਹ ਹੋਰਨਾਂ ਦੇਸ਼ਾਂ ਦੇ ਮਜ਼ਦੂਰਾਂ ਨਾਲ ਵੀ ਅਜੇਹਾ ਹੀ ਕਰ ਰਹੇ ਹਨ।

ਸਾਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਸਰਮਾਏਦਾਰ ਜਮਾਤ ਦੇ ਹਿੱਤ ਅਤੇ ਮਜ਼ਦੂਰ ਜਮਾਤ ਦੇ ਹਿੱਤ ਇੱਕ-ਦੂਸਰੇ ਦੇ ਬਿਲਕੁੱਲ ਉਲਟ ਹਨ। ਸਰਮਾਏਦਾਰ ਜਮਾਤ, ਮਜ਼ਦੂਰਾਂ ਦੀ ਵੱਧ-ਤੋਂ-ਵੱਧ ਲੁੱਟ ਕਰਕੇ ਅਤੇ ਉਨ੍ਹਾਂ ਦੇ ਹੱਕਾਂ ਦਾ ਘਾਣ ਕਰਕੇ, ਕਿਸੇ ਵੀ ਕੀਮਤ 'ਤੇ, ਆਪਣੇ ਮੁਨਾਫਿਆਂ ਨੂੰ ਵੱਧ-ਤੋਂ-ਵੱਧ ਬਣਾਈ ਰੱਖਣ ਦੀ ਕੋਸ਼ਿਸ਼ ਕਰਦੀ ਹੈ, ਜਦ ਕਿ ਮਜ਼ਦੂਰ ਜਮਾਤ ਵਧਦੀ ਲੁੱਟ ਦੇ ਖਿਲਾਫ਼ ਅਤੇ ਆਪਣੇ ਹੱਕਾਂ ਦੀ ਹਿਫ਼ਾਜ਼ਤ ਦੇ ਲਈ ਸੰਘਰਸ਼ ਕਰਦੀ ਹੈ। ਮਜ਼ਦੂਰ ਜਮਾਤ ਨੂੰ ਸੱਭ ਲੁਟੀਂਦਿਆਂ ਅਤੇ ਪੀੜਤਾਂ ਦੇ ਨਾਲ ਗਠਜੋੜ ਬਣਾਕੇ, ਸਰਮਾਏਦਾਰਾ ਵਿਵਸਥਾ ਦਾ ਤਖ਼ਤਾ ਪਲਟ ਕਰਨਾ ਹੋਵੇਗਾ ਅਤੇ ਉਤਪਾਦਨ ਦੇ ਸਾਧਨਾਂ ਤੇ ਰਾਜਸੱਤਾ ਨੂੰ ਆਪਣੇ ਹੱਥਾਂ ਵਿੱਚ ਲੈਣਾ ਹੋਵੇਗਾ, ਤਾਂ ਕਿ ਹਰ ਤਰ੍ਹਾਂ ਦੀ ਲੁੱਟ ਦਾ ਹਮੇਸ਼ਾ-ਹਮੇਸ਼ਾ ਲਈ ਤੁਖਮ ਮਿਟਾਇਆ ਜਾ ਸਕੇ।

ਹਿੰਦੋਸਤਾਨ ਦੀ ਮਜ਼ਦੂਰ ਜਮਾਤ, ਟਾਟਾ ਸਟੀਲ (ਇੰਗਲੈਂਡ) ਦੇ ਮਜ਼ਦੂਰਾਂ ਨੂੰ ਉਨ੍ਹਾਂ ਦੀਆਂ ਪੈਨਸ਼ਨ ਸੁਵਿਧਾਵਾਂ ਤੋਂ ਵੰਚਿਤ ਕਰਨ ਦੀਆਂ ਕੰਪਨੀ ਦੀਆਂ ਕੋਸ਼ਿਸ਼ਾਂ ਦੇ ਖਿਲਾਫ਼ ਉਨ੍ਹਾਂ ਦੇ ਸੰਘਰਸ਼ ਦੀ ਪੂਰੀ-ਪੂਰੀ ਹਮਾਇਤ ਕਰਦੀ ਹੈ। ■

## ਇਸ਼ਰਤ ਜਹਾਂ ਝੂਠਾ ਮੁਕਾਬਲਾ ਕਾਂਡ:

# ਜਦੋਂ ਮੁਜ਼ਰਮ ਵੀ ਉਹੀ ਅਤੇ ਮੁਕੱਦਮੇ ਦੀ ਪੈਰਵੀ ਕਰਨ ਵਾਲੇ ਵੀ ਉਹੀ ਹੋਣ ਤਾਂ ਇਨਸਾਫ ਕਿਵੇਂ ਮਿਲ ਸਕਦਾ ਹੈ?

ਸਮਾਚਾਰ ਸੂਤਰਾਂ ਅਨੁਸਾਰ, ਕੇਂਦਰੀ ਗ੍ਰਹਿ ਮੰਤਰਾਲੇ ਨੇ ਸੇਵਾ-ਮੁਕਤ ਵਿਸ਼ੇਸ਼ ਨਿਰਦੇਸ਼ਕ, ਰਜਿੰਦਰ ਕੁਮਾਰ ਸਮੇਤ ਚਾਰ ਆਈ.ਬੀ. ਅਫਸਰਾਂ ਉੱਤੇ ਕੇਸ ਚਲਾਉਣ ਦੀ ਮਨਜ਼ੂਰੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਇਨ੍ਹਾਂ ਚੌਂਹ ਅਫਸਰਾਂ ਖਿਲਾਫ ਦੋਸ਼ ਲਾਇਆ ਗਿਆ ਸੀ ਕਿ ਉਹ ਮੁੰਬਈ ਦੀ ਕਾਲਜ ਵਿਦਿਆਰਥੀ 19 ਸਾਲਾ ਇਸ਼ਰਤ ਜਹਾਂ ਅਤੇ ਤਿੰਨ ਹੋਰ ਵਿਅਕਤੀਆਂ ਨੂੰ 2004 ਵਿਚ ਇੱਕ ਝੂਠੇ ਮੁਕਾਬਲੇ ਵਿਚ ਕਤਲ ਕਰਨ ਦੀ ਸਾਜ਼ਿਸ਼ ਵਿਚ ਸ਼ਾਮਲ ਸਨ। ਇਹਦੇ ਨਾਲ 11 ਸਾਲਾਂ ਤੱਕ ਚੱਲੇ ਡਰਾਮੇ ਦਾ ਭੋਗ ਪੈ ਗਿਆ ਹੈ, ਜਿਸ ਦੁਰਾਨ ਹਿੰਦੋਸਤਾਨੀ ਰਾਜ ਇਸ ਕੇਸ ਦੀ ਜਾਂਚ ਪੜਤਾਲ ਕਰਨ ਦਾ ਢੌਂਗ ਕਰਦਾ ਰਿਹਾ ਹੈ।

ਸੀ.ਬੀ.ਆਈ. ਦੇ ਅੰਦਰੋ ਲੀਕ ਹੋਏ ਸਮਾਚਾਰਾਂ ਅਨੁਸਾਰ, ਰਜਿੰਦਰ ਕੁਮਾਰ ਆਈ.ਬੀ. ਦੇ ਉਨ੍ਹਾਂ ਅਫਸਰਾਂ ਵਿਚੋਂ ਸੀ, ਜਿਨ੍ਹਾਂ ਨੇ ਇਸ਼ਰਤ ਜਹਾਂ ਦੀ ਝੂਠੇ ਮੁਕਾਬਲੇ ਵਿਚ ਹੱਤਿਆ ਤੋਂ ਪਹਿਲਾਂ, ਗੁਜਰਾਤ ਵਿਚ ਗੈਰ-ਕਨੂੰਨੀ ਪੁਲੀਸ ਹਿਰਾਸਤ ਵਿਚ ਉਸ ਤੋਂ ਪੁੱਛ-ਗਿੱਛ ਕੀਤੀ ਸੀ। ਰਜਿੰਦਰ ਕੁਮਾਰ ਆਈ.ਬੀ. ਦੀ ਉਸ ਟੁਕੜੀ ਦਾ ਬੰਦਾ ਸੀ ਜਿਸ ਨੇ ਇਹ ਮਨਘੜਤ ਕਹਾਣੀ ਫੈਲਾਈ ਸੀ ਕਿ ਗੁਜਰਾਤ ਦੇ ਤਤਕਾਲੀਨ ਮੁੱਖ ਮੰਤਰੀ, ਨਰਿੰਦਰ ਮੋਦੀ ਨੂੰ ਮਾਰਨ ਦੇ ਇਰਾਦੇ ਨਾਲ ਲਸ਼ਕਰ ਏ ਤਾਇਬੇ ਦਾ ਇੱਕ ਗਰੋਹ ਅਹਿਮਦਾਬਾਦ ਨੂੰ ਆ ਰਿਹਾ ਸੀ, ਅਤੇ ਇਸ਼ਰਤ ਜਹਾਂ ਅਤੇ ਉਸਦੇ ਦੋਸਤ ਇਸ ਅਖੌਤੀ ਗਰੋਹ ਵਿਚ ਸ਼ਾਮਲ ਸਨ।

ਪਿਛਲੇ 11 ਸਾਲਾਂ ਵਿਚ ਮਨੁੱਖੀ ਹੱਕਾਂ ਦੇ ਕਾਰਕੁੰਨਾਂ ਦੇ ਸੰਘਰਸ਼ ਦੇ ਫਲਸਰੂਪ ਬਹੁਤ ਸਾਰੇ ਸਬੂਤ ਪ੍ਰਾਪਤ ਹੋਏ ਹਨ ਕਿ ਇਸ਼ਰਤ ਜਹਾਂ ਅਤੇ ਉਸਦੇ ਦੋਸਤ ਬੇਕਸੂਰ ਲੋਕ ਸਨ, ਜਿਨ੍ਹਾਂ ਨੂੰ ਪੁਲੀਸ ਨੇ ਲੋਕਾਂ ਉੱਤੇ ਦਹਿਸ਼ਤ ਪਾਉਣ ਦੀ ਨੀਤੀ ਅਨੁਸਾਰ, ਅਗਵਾ ਕਰਨ ਤੋਂ ਬਾਅਦ ਕਤਲ ਕਰ ਦਿੱਤਾ ਸੀ। ਸੰਪਰਗ ਸਰਕਾਰ ਨੇ ਜਾਣਬੁੱਝ ਕੇ ਇਸ ਮਾਮਲੇ ਦੀ ਤਹਿ ਤਕ ਪਹੁੰਚਣ ਵਾਸਤੇ ਛਾਣਬੀਣ ਨਹੀਂ ਕੀਤੀ ਸੀ। ਸੰਪਰਗ ਸਰਕਾਰ ਅਤੇ ਮੌਜੂਦਾ ਰਾਜਗ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਇਨ੍ਹਾਂ ਕਤਲਾਂ ਵਿਚ ਸ਼ਾਮਲ ਉੱਚ ਪੁਲੀਸ ਅਫਸਰਾਂ ਨੂੰ ਬਚਾਇਆ ਹੈ। ਇਸ ਕਾਂਡ ਦੇ ਸਾਰੇ ਪੁਲੀਸ ਅਫਸਰਾਂ ਨੂੰ ਚੋਖੇ ਸਬੂਤਾਂ ਦੇ ਅਧਾਰ ਉਤੇ ਗ੍ਰਿਫਤਾਰ ਕਰਕੇ ਵੱਖਰੇ-ਵੱਖਰੇ ਅਰਸੇ ਵਾਸਤੇ ਹਿਰਾਸਤ ਵਿਚ ਰੱਖਿਆ ਗਿਆ, ਜਿਨ੍ਹਾਂ ਵਿਚ ਡੀ.ਜੀ. ਵਣਜਾਰਾ ਵੀ ਸ਼ਾਮਲ ਸੀ, ਪਰ ਬਾਅਦ ਵਿਚ ਉਨ੍ਹਾਂ ਨੂੰ ਜ਼ਮਾਨਤ ਉਤੇ ਰਿਹਾ ਕਰ ਦਿੱਤਾ ਗਿਆ ਸੀ।

ਇਸ਼ਰਤ ਜਹਾਂ ਅਤੇ ਉਸ ਦੇ ਦੋਸਤਾਂ ਦੀ ਹੱਤਿਆ ਦੇ ਦੋਸ਼ੀਆਂ ਖਿਲਾਫ 11 ਸਾਲਾਂ ਦਾ ਮੁਕਦਮਾਂ ਕੀ ਜ਼ਾਹਰ ਕਰਦਾ ਹੈ? ਇਹੀ ਕਿ ਇਹ ਗੁਜਰਾਤ ਪੁਲੀਸ ਅਤੇ ਆਈ.ਬੀ. ਦੇ ਕੁੱਝ ਇੱਕ ਅਫਸਰਾਂ ਦਾ ਕੰਮ ਹੀ ਨਹੀਂ ਸੀ, ਬਲਕਿ ਇਹ ਹਿੰਦੋਸਤਾਨੀ ਰਾਜ ਵਲੋਂ ਆਪਣੇ ਹੀ ਲੋਕਾਂ ਦੇ ਖਿਲਾਫ ਛੇੜੀ ਗਈ ਰਾਜਕੀ ਅੱਤਵਾਦ ਦੀ ਸੋਚੀ ਸਮਝੀ ਮੁਹਿੰਮ ਦਾ ਇੱਕ ਹਿੱਸਾ ਸੀ। ਇਸ ਦੌਰ ਵਿਚ ਹਿੰਦੋਸਤਾਨ ਦੀ ਹਾਕਮ ਜਮਾਤ ਵਲੋਂ ਛੇੜੀ ਗਈ "ਅੱਤਵਾਦ ਖਿਲਾਫ ਜੰਗ" ਦੇ ਇੱਕ ਅੰਗ ਦੇ ਤੌਰ ਉਤੇ ਮੁਲਸਮਾਨ ਧਰਮ ਦੇ ਲੋਕਾਂ ਨੂੰ ਦਹਿਸ਼ਤਗਰਦ ਅਤੇ ਪਾਕਿਸਤਾਨੀ ਏਜੰਟ ਕਹਿ ਕੇ ਜਾਣਬੁੱਝ ਕੇ ਨਿਸ਼ਾਨਾਂ ਬਣਾਇਆ ਗਿਆ ਹੈ। ਹਾਕਮ ਜਮਾਤਾਂ ਵਲੋਂ ਝੂਠੇ ਮੁਕਾਬਲਿਆਂ ਵਿਚ ਬੇਕਸੂਰ ਲੋਕਾਂ ਨੂੰ ਕਤਲ ਅਤੇ ਟਾਰਚਰ ਕਰਨ ਸਣੇ, ਰਾਜਕੀ ਦਹਿਸ਼ਤਵਾਦ ਨੂੰ ਜਾਇਜ਼ ਠਹਿਰਾਉਣ ਲਈ ਵੱਡੇ ਪੈਮਾਨ ਉਤੇ ਝੂਠਾ ਪ੍ਰਚਾਰ ਕੀਤਾ ਗਿਆ ਹੈ। ਰਾਜ ਨੇ ਅਸਹਿਮਤੀ ਨੂੰ ਕੁੱਚਲ ਦੇਣ ਵਾਸਤੇ ਆਪਣੇ ਆਪ ਨੂੰ ਕਾਲੇ ਕਨੂੰਨਾਂ ਨਾਲ ਲੈਸ ਕੀਤਾ ਹੋਇਆ ਹੈ। ਰਾਜਕੀ ਦਹਿਸ਼ਤਵਾਦ ਨੂੰ ਨੰਗਿਆਂ ਕਰਨ ਵਾਸਤੇ ਅਤੇ ਗੁਨਾਹਗਾਰਾਂ ਨੂੰ ਸਜ਼ਾਵਾਂ ਦੁਆਉਣ ਵਾਸਤੇ ਲੜ ਰਹੇ ਮਨੁੱਖੀ ਹੱਕਾਂ ਦੇ ਕਾਰਕੁੰਨਾਂ ਅਤੇ ਇਨਸਾਫ-ਪਸੰਦ ਲੋਕਾਂ ਨੂੰ ਤੰਗ ਕੀਤਾ ਜਾ ਗਿਆ ਹੈ। ਇਹੀ ਕਾਰਨ ਹੈ ਕਿ ਰਾਜ ਨੇ ਗੁਨਾਹਗਾਰਾਂ ਨੂੰ ਸਜ਼ਾਵਾਂ ਦੇਣ ਤੋਂ ਇਨਕਾਰ ਕੀਤਾ ਹੈ।

ਰਾਜਕੀ ਦਹਿਸ਼ਤਵਾਦ ਛੇੜਨ ਦੇ ਗੁਨਾਹਗਾਰਾਂ ਕੋਲੋਂ ਆਪਣੇ ਆਪ ਨੂੰ ਸਜ਼ਾ ਦੇਣ ਦੀ ਉਮੀਦ ਨਹੀਂ ਰੱਖੀ ਜਾ ਸਕਦੀ। ਜਦੋਂ ਕਾਤਲ ਵੀ ਉਹੀ ਅਤੇ ਗੁਨਾਹਗਾਰਾਂ ਨੂੰ ਸਜ਼ਾ ਦੁਆਉਣ ਲਈ ਵਕੀਲ ਵੀ ਉਹੀ ਹੋਵੇ ਤਾਂ ਇਨਸਾਫ ਕਿਵੇਂ ਮਿਲ ਸਕਦਾ ਹੈ? ਨਵੰਬਰ, 1984, 1992 ਅਤੇ 2002 ਦੇ ਗੁਨਾਹਗਾਰਾਂ ਅਤੇ ਰਾਜਕੀ ਦਹਿਸ਼ਤਵਾਦ ਦੀਆਂ ਹੋਰ ਹਰਕਤਾਂ ਕਰਨ ਵਾਲਿਆਂ ਨੂੰ ਸਜ਼ਾਵਾਂ ਦੁਆਉਣ ਵਾਸਤੇ ਲੜ ਰਹੇ ਲੋਕਾਂ ਦਾ ਤਜਰਬਾ ਵੀ ਇਹੋ ਦਿਖਾਉਂਦਾ ਹੈ। ਰਾਜਕੀ ਦਹਿਸ਼ਤਵਾਦ ਦੀ ਪਹਿਚਾਣ, ਤਾਕਤ ਉੱਤੇ ਬੈਠੀ ਇਸ ਜਾਂ ਉਸ ਪਾਰਟੀ ਦੇ ਤੌਰ 'ਤੇ ਨਹੀਂ ਕੀਤੀ ਜਾ ਸਕਦੀ। ਇਹੀ ਕਾਰਨ ਹੈ ਕਿ ਸੱਤਾ ਉੱਤੇ ਬਿਰਾਜਮਾਨ ਪਾਰਟੀ ਬਦਲ ਜਾਣ ਨਾਲ ਰਾਜ ਵਲੋਂ ਜਥੇਬੰਦ ਕੀਤੇ ਫਿਰਕੂ ਕਤਲੇਆਮਾਂ ਅਤੇ ਰਾਜਕੀ ਦਹਿਸ਼ਤਵਾਦ ਨੂੰ ਜਥੇਬੰਦ ਕਰਨ ਵਾਲਿਆਂ ਨੂੰ ਸਜ਼ਾਵਾਂ ਨਹੀਂ ਮਿਲਦੀਆਂ।

ਇਸ਼ਰਤ ਜਹਾਂ ਦੀ ਹੱਤਿਆ ਵਾਸਤੇ ਜ਼ਿਮੇਵਾਰ ਗੁਨਾਹਗਾਰਾਂ ਨੂੰ ਸਜ਼ਾ ਦੁਆਉਣ ਵਾਸਤੇ ਸੰਘਰਸ ਨੂੰ ਜਾਰੀ ਰੱਖਦਿਆਂ, ਰਾਜਕੀ ਦਹਿਸ਼ਤਵਾਦ ਦਾ ਖਾਤਮਾ ਕਰਨ ਵਾਸਤੇ ਲੜਾਈ ਕਰ ਰਹੇ ਸਭਨਾਂ ਲੋਕਾਂ ਨੂੰ ਇਸ ਸੰਘਰਸ਼ ਤੋਂ ਢੁੱਕਵੇਂ ਸਬਕ ਲੈਣੇ ਚਾਹੀਦੇ ਹਨ। ਅਸੀਂ ਮੌਜੂਦਾ ਹਿੰਦੋਸਤਾਨੀ ਰਾਜ ਕੋਲੋਂ ਇਨਸਾਫ ਦੀ ਉਮੀਦ ਨਹੀਂ ਰੱਖ ਸਕਦੇ। ਸਾਨੂੰ ਮੌਜੂਦਾ ਰਾਜ ਦੀ ਜਗ੍ਹਾ ਇੱਕ ਨਵੇਂ ਰਾਜ ਦੀ ਸਥਾਪਨਾ ਕਰਨ ਦੀ ਜ਼ਰੂਰਤ ਹੈ, ਜਿਹੜਾ ਸੱਭ ਦੀ ਸੁਰੱਖਿਆ ਅਤੇ ਖੁਸ਼ਹਾਲੀ ਵਾਸਤੇ ਬਚਨਬੱਧ ਹੋਵੇ, ਅਤੇ ਸਭਨਾਂ ਦੇ ਮਨੁੱਖੀ ਹੱਕਾਂ ਦੀ ਗਰੰਟੀ ਕਰੇ ਅਤੇ ਇਹ ਕਰਨ ਵਾਸਤੇ ਜੁਗਾੜ ਕਾਇਮ ਕਰੇ। ■

# ਪੁਰਾਣੇ ਦਾ ਨਤੀਜਾ ਨਹੀਂ, ਫਿਰ ਤੋਂ ਨਵੀਂ ਭਰਤੀ ਕਰਨ ਦੀ ਤਿਆਰੀ !

ਹਾਲ ਹੀ 'ਚ, 10 ਜੂਨ 2015 ਨੂੰ ਦਿੱਲੀ ਸਰਕਾਰ ਦੇ ਸਿੱਖਿਆ ਵਿਭਾਗ ਨੇ ਸਾਲਾਂ ਤੋਂ ਕੰਮ ਕਰ ਰਹੇ ਗੈਸਟ ਟੀਚਰਾਂ ਲਈ ਇੱਕ ਡਰਾਫਟ ਪਾਲਸੀ ਨੂੰ ਜਾਰੀ ਕੀਤਾ ਹੈ। ਇਸ ਵਿੱਚ ਗੈਸਟ ਟੀਚਰਸ ਦੀ ਸੇਵਾ ਨੂੰ ਪੱਕਾ ਕਰਨ ਸਬੰਧੀ ਸ਼ਰਤਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਸ ਤਹਿਤ 2012-2014 ਦੇ ਮੱਧ ਤਕ ਜੋ ਗੈਸਟ ਟੀਚਰਸ 90 ਦਿਨ ਤੋਂ ਜ਼ਿਆਦਾ ਕੰਮ ਕਰ ਚੁੱਕੇ ਹਨ ਉਨ੍ਹਾਂ ਨੂੰ ਪੱਕਾ ਕਰਨ ਲਈ ਇੱਕ ਪ੍ਰੀਖਿਆ ਤੋਂ ਲੰਘਣਾ ਪਵੇਗਾ। ਇਸ ਪ੍ਰੀਖਿਆ ਨੂੰ ਕਰਵਾਉਣ ਦੀ ਜ਼ਿੰਮੇਵਾਰੀ ਦਿੱਲੀ ਅਧੀਨ ਸੇਵਾ ਸਲਿਕਸ਼ਨ ਬੋਰਡ (ਡੀ.ਐਸ.ਐਸ.ਐਸ.ਬੀ.) ਨੂੰ ਦਿੱਤੀ ਗਈ ਹੈ। ਇਸ ਬੋਰਡ 'ਤੇ ਸਰਕਾਰੀ ਸਕੂਲਾਂ ਲਈ ਭਰਤੀ ਕਰਨ ਦੀ ਜ਼ਿੰਮੇਵਾਰੀ ਹੁੰਦੀ ਹੈ।

ਜ਼ਿਕਰਯੋਗ ਹੈ ਕਿ ਦਿੱਲੀ ਦੀ ਆਮ ਆਦਮੀ ਪਾਰਟੀ ਨੇ ਚੋਣਾਂ ਤੋਂ ਪਹਿਲਾਂ ਦਿੱਲੀ ਦੇ ਸਰਕਾਰੀ ਸਕੂਲਾਂ 'ਚ ਕੰਮ ਕਰ ਰਹੇ ਗੈਸਟ ਟੀਚਰਾਂ ਨੂੰ ਪੱਕਾ ਕਰਨ ਦਾ ਵਾਅਦਾ ਕੀਤਾ ਸੀ।

ਦਿੱਲੀ ਸਿੱਖਿਆ ਵਿਭਾਗ ਵੱਲੋਂ ਅਧਿਆਪਕਾਂ ਦੀ ਭਰਤੀ ਦਾ ਕੰਮ ਡੀ.ਐਸ.ਐਸ.ਐਸ.ਬੀ. ਨੂੰ ਦਿੱਤੇ ਜਾਣ 'ਤੇ ਦਿੱਲੀ ਦੇ ਗੈਸਟ ਟੀਚਰਾਂ ਨੇ ਇਤਰਾਜ਼ ਦਰਜ ਕਰਦੇ ਹੋਏ ਕਿਹਾ ਹੈ ਕਿ ਸਰਕਾਰ ਪ੍ਰੀਖਿਆ ਕਰਵਾਉਣ ਦਾ ਕਹਿ ਕੇ ਆਪਣੇ ਵਾਅਦੇ ਤੋਂ ਬਚ ਰਹੀ ਹੈ, ਕਿਉਂਕਿ ਡੀ.ਐਸ.ਐਸ.ਐਸ.ਬੀ. ਵੱਲੋਂ ਸਾਬਕਾ ਭਰਤੀਆਂ ਦੇ ਨਤੀਜੇ ਸਾਲਾਂ ਤੋਂ ਅਟਕੇ ਹੋਏ ਹਨ। ਉਮੀਦਵਾਰਾਂ ਨੇ ਕਈ ਵਾਰ ਨਤੀਜੇ ਜਾਰੀ ਕਰਨ ਲਈ ਸਰਕਾਰ ਅਤੇ ਬੋਰਡ ਦੇ ਸਾਹਮਣੇ ਵਿਰੋਧ ਪ੍ਰਦਰਸ਼ਨ ਵੀ ਕੀਤਾ ਹੈ, ਪਰ ਨਾ ਤਾਂ ਸਰਕਾਰ ਅਤੇ ਨਾ ਹੀ ਬੋਰਡ ਦੇ ਕੰਨ 'ਤੇ ਜੂੰ ਸਰਕਦੀ ਹੈ।

ਗੈਸਟ ਟੀਚਰ ਹੇਮੰਤ ਮਿੱਤਲ ਦਾ ਕਹਿਣਾ ਹੈ ਕਿ ਸਰਕਾਰ ਪ੍ਰੀਖਿਆ ਨਾਲ ਉਨ੍ਹਾਂ ਨੂੰ ਪੱਕਾ ਕਰਨ ਦੀ ਗੱਲ ਕਹਿ ਕੇ 4-5 ਸਾਲ ਤੋਂ ਕੰਮ ਕਰਕੇ ਤਜਰਬੇ ਅਤੇ ਸਿਖਲਾਈ ਪ੍ਰਾਪਤ ਅਧਿਆਪਕਾਂ ਦੀ ਯੋਗਤਾ 'ਤੇ ਪ੍ਰਸ਼ਨ ਚਿੰਨ੍ਹ ਲਾ ਰਹੀ ਹੈ। ਡੀ.ਐਸ.ਐਸ.ਐਸ.ਬੀ. ਵੱਲੋਂ ਸਮੇਂ 'ਤੇ ਅਧਿਆਪਕਾਂ ਦੀ ਭਰਤੀ ਪ੍ਰਕਿਰਿਆ ਪੂਰੀ ਨਾ ਕਰਨ ਦੇ ਕਾਰਨ ਹੀ ਸਾਲਾਂ ਤੋਂ ਖਾਲ੍ਹੀ ਪਏ ਸਰਕਾਰੀ ਸਕੂਲਾਂ ਨੂੰ ਪਿਛਲੀ ਸਰਕਾਰ ਨੇ ਗੈਸਟ ਟੀਚਰਾਂ ਦੇ ਰੂਪ 'ਚ ਅਧਿਆਪਕ ਮੁਹੱਈਆ ਕਰਵਾਏ ਸਨ। ਹੁਣ ਸਰਕਾਰ ਦਾ ਕਹਿਣਾ ਹੈ ਕਿ ਇਸ ਪ੍ਰੀਖਿਆ ਰਾਹੀਂ ਅਸੀਂ ਯੋਗ ਅਧਿਆਪਕਾਂ ਦੀ ਭਰਤੀ ਕਰਾਂਗੇ. ਹੁਣ ਸਵਾਲ ਇਹ ਉੱਠਦਾ ਹੈ ਕਿ ਇੰਨੇ ਸਾਲਾਂ ਤੋਂ ਦਿੱਲੀ 'ਚ ਸਿੱਖਿਆ ਇਨ੍ਹਾਂ ਨਾਕਾਬਲ ਅਧਿਆਪਕਾਂ ਦੇ ਹੱਥਾਂ 'ਚ ਕਿਉਂ ਦਿੱਤੀ ਗਈ? ਜੇਕਰ ਗੈਸਟ ਅਧਿਆਪਕ ਨਾਕਾਬਲ ਸਨ ਤਾਂ ਇੰਨੇ ਸਾਲਾਂ ਤਕ ਵਿਦਿਆਰਥੀਆਂ ਦਾ ਭਵਿੱਖ ਕਿਉਂ ਦਾਅ 'ਤੇ ਲਾਇਆ ਗਿਆ।

ਗੈਸਟ ਟੀਚਰ ਡਾ. ਅਰਚਨਾ ਨੇ ਕਿਹਾ ਕਿ ਦਿੱਲੀ 'ਚ 15,000 ਦੇ ਲੱਗਪਗ ਗੈਸਟ ਟੀਚਰ ਹਨ। ਇਹ ਗੈਸਟ ਟੀਚਰਾਂ ਨਾਲ ਸਿੱਧੀ ਵਾਅਦਾ-ਖਿਲਾਫ਼ੀ ਹੈ। ਦਿੱਲੀ 'ਚ 1997-98 'ਚ ਦਿੱਲੀ ਸਰਕਾਰ ਨੇ ਠੇਕੇ 'ਤੇ ਅਧਾਰਤ ਅਧਿਆਪਕਾਂ ਨੂੰ ਪੱਕਾ ਕੀਤਾ ਸੀ, ਫਿਰ ਮੌਜੂਦਾ ਸਰਕਾਰ ਨੂੰ ਕੀ ਮੁਸ਼ਕਿਲ ਆ ਰਹੀ ਹੈ?

ਗੈਸਟ ਟੀਚਰ ਇਸ ਗੱਲ 'ਤੇ ਇੱਕਮਤ ਹਨ ਕਿ ਦਿੱਲੀ ਸਰਕਾਰ ਸਾਰੇ ਪੁਰਾਣੇ ਨਤੀਜਿਆਂ ਨੂੰ ਜਾਰੀ ਕਰਕੇ ਅਤੇ ਗੈਸਟ ਟੀਚਰਾਂ ਨੂੰ ਪੱਕਾ ਕਰਨ ਦੀ ਵਾਜਬ ਨੀਤੀ ਨੂੰ ਲਾਗੂ ਕਰੇ, ਜਿਸ ਨਾਲ ਦਿੱਲੀ ਸਕੂਲਾਂ 'ਚ ਸਾਲਾਂ ਤੋਂ ਸੇਵਾਵਾਂ ਦੇ ਰਹੇ ਗੈਸਟ ਟੀਚਰਾਂ ਦੇ ਅਧਿਕਾਰਾਂ 'ਚ ਅੜਿੱਕਾ ਨਾ ਪਵੇ।

ਦੇਸ਼ ਦੀ ਸਿੱਖਿਆ ਨੀਤੀ 'ਚ ਨਿੱਜੀਕਰਨ 'ਤੇ ਜ਼ੋਰ ਦਿੱਤਾ ਗਿਆ ਹੈ। 1991 ਤੋਂ ਜਾਰੀ ਉਦਾਰੀਕਰਨ, ਨਿੱਜੀਕਰਨ ਅਤੇ ਭੂਮੰਡਲੀਕਰਨ ਦੀ ਨੀਤੀ ਸਿੱਖਿਆ 'ਤੇ ਵੀ ਲਾਗੂ ਕੀਤੀ ਗਈ। ਸਿੱਖਿਆ ਦੇ ਪੱਧਰ ਨੂੰ ਸੋਚ-ਸਮਝ ਕੇ ਡੇਗਿਆ ਜਾ ਰਿਹਾ ਹੈ। ਸਕੂਲਾਂ 'ਚ ਅਧਿਆਪਕਾਂ ਦੀਆਂ ਖਾਲ੍ਹੀ ਅਸਾਮੀਆਂ ਨੂੰ ਭਰਿਆ ਨਹੀਂ ਜਾਂਦਾ। ਸਕੂਲਾਂ 'ਚ ਮੁੱਢਲੀਆਂ ਸਹੂਲਤਾਂ ਦੀ ਸਦਾ ਥੁੜ੍ਹੋਂ ਰਹਿੰਦੀ ਹੈ। ਸਕੂਲਾਂ 'ਚ ਅਧਿਆਪਕਾਂ ਦੀ ਮੰਗ ਨਾਲ ਪੱਕੇ ਅਧਿਆਪਕਾਂ ਦੀ ਜਗ੍ਹਾ 'ਤੇ ਠੇਕੇ 'ਤੇ ਅਧਿਆਪਕ ਨਿਯੁਕਤ ਕੀਤੇ ਜਾਂਦੇ ਹਨ। ਇਨ੍ਹਾਂ ਨੂੰ ਪੱਕੇ ਅਧਿਆਪਕ ਦੇ ਮੁਕਾਬਲੇ ਬਹੁਤ ਹੀ ਘੱਟ ਤਨਖਾਹ ਅਤੇ ਦਿਹਾੜੀ 'ਤੇ ਕੰਮ ਕਰਨਾ ਪੈਂਦਾ ਹੈ। ਇਸ ਦੌਰਾਨ, ਹਰੇਕ ਸੂਬੇ 'ਚ ਵੱਖ-ਵੱਖ ਸਰਕਾਰਾਂ ਆਈਆਂ ਹਨ, ਪਰ ਪੱਕਾ ਕਰਨ ਦੀ ਮੰਗ ਨੂੰ ਲੈ ਕੇ ਸੰਘਰਸ਼ ਕਰ ਰਹੇ ਅਧਿਆਪਕਾਂ ਨੂੰ ਕਿਸੇ ਨੇ ਨਹੀਂ ਸੁਣਿਆ। ਇਹ ਸਿਰਫ਼ ਦਿੱਲੀ ਸਰਕਾਰ ਦੀ ਗੱਲ ਨਹੀਂ ਹੈ, ਬਲਕਿ ਦੇਸ਼ ਦੀਆਂ ਸਾਰੀਆਂ ਸੂਬਾ ਸਰਕਾਰਾਂ ਵੀ ਇਸ ਤਰ੍ਹਾਂ ਹੀ ਕਰ ਰਹੀਆਂ ਹਨ।

ਮਜ਼ਦੂਰ ਏਕਤਾ ਲਹਿਰ, ਦਿੱਲੀ ਦੇ ਹਜ਼ਾਰਾਂ ਨੌਜਵਾਨ ਗੈਸਟ ਅਧਿਆਪਕਾਂ ਨੂੰ ਪੱਕਾ ਕਰਨ ਦੀ ਮੰਗ ਦੇ ਸਮਰਥਨ 'ਚ, ਉਨ੍ਹਾਂ ਦੇ ਸੰਘਰਸ਼ ਦਾ ਸਮਰਥਨ ਕਰਦੀ ਹੈ। ■